ਹਿਤ ਸਰੋਤ

ਜਨਵਰੀ 2004

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ

153 ਵਾਂ ਸ਼ੁਭ ਜਨਮ ਮਹਾਂਉਤਸਵ

ਪੰਨਾ 20 ਦਾ ਬਾਕੀ ਭਾਗ

ਦੀਆਂ ਸਭਾਵਾਂ ਸੁਣਾਈਆਂ ਆਪ ਦੋਨਾਂ ਭਾਈਆਂ ਨੇ ਮਿਲਕੇ ਆਪਣੇ ਭਾਵਾਂ ਦੀ ਜਾਣਕਾਰੀ ਦੇਕੇ ਸਾਡੀ ਸਭਾ ਕਰਵਾ ਦਿੱਤੀ। ਅਸੀਂ ਆਪਜੀ ਦੇ ਧੰਨਵਾਦੀ ਹਾਂ। ਇਸ ਘਟਨਾ ਤੋਂ ਲੋਕਾਂ ਦੇ ਹਿਰਦੇ ਆਪਜੀ ਦੇ ਸਾਹਮਣੇ ਝੁੱਕ ਗਏ ਹਨ ਅਤੇ ਧੰਨ ਧੰਨ ਮਹਿਸੂਸ ਕਰਦੇ ਹੋਏ ਗੁਰੂ ਮਹਾਰਾਜ ਜੀ ਨੂੰ ਧੰਨਵਾਦ ਦੇ ਰਹੇ ਹਨ।

ਡਾ. ਮਨਸ਼ਾ ਸਿੰਘ ਜੀ ਗਰੋਵਰ :- ਦੋਨੋਂ ਭਾਈਆਂ ਨੂੰ ਇਸ ਤਰ੍ਹਾਂ ਤੜਪਦੇ ਦੇਖ ਕੇ ਮੇਰੇ ਅੰਦਰ ਇੱਕ ਅੱਗ ਜਿਹੀ ਲੱਗ ਗਈ ਕਿ ਜਿਸਨੇ ਸੱਚੇ ਭਾਈ ਦੇਖਣੇ ਹਨ ਤਾਂ ਆਪ ਇਧਰ ਆਕੇ ਦੇਖੋ। ਕਮਾਲ ਹੋ ਗਈ। ਰਾਮ ਚੰਦਰ ਅਤੇ ਭਰਤ ਜਿਹੇ ਭਾਈ ਦੇਖਣ ਨੂੰ ਮਿਲਦੇ ਹਨ। ਇਧਰ ਆਕੇ ਨਵੀਂ ਹੋਸ਼ ਆਈ ਹੈ। ਨੀਚ ਅਨੁਰਾਗ ਨਜ਼ਰ ਆਉਂਦੇ ਹਨ।

ਮੇਰਾ ਹੰਕਾਰ, ਧਨ ਦਾ ਅਨੁਰਾਗ ਨਜ਼ਰ ਆਉਂਦੇ ਰਹੇ ਹਨ। ਬਹੁਤ ਕੋਹੜੀ ਅਤੇ ਰੱਦੀ ਵਜੂਦ ਹਾਂ। ਇਸ ਵਿਚੋਂ ਨਿਕਲਣ ਦੇ ਭਾਵ ਪੈਦਾ ਹੁੰਦੇ ਹਨ। ਮੇਰੇ ਨੀਚ ਅਨੁਰਾਗ ਘੱਟ ਸਕਣ ਅਤੇ ਖ਼ਤਮ ਹੋ ਸਕਣ ਇਸਦੇ ਲਈ ਮੇਰੇ ਅੰਦਰ ਤੜਪ ਹੈ।

ਸ਼੍ਰੀ ਅਨਿਲ ਕੁਮਾਰ ਜੀ :- ਮੈਂ ਜਦੋਂ ਸਾਧਨ ਕਰਦਾ ਹਾਂ ਤਾ ਇਨ੍ਹਾਂ ਧਰਮ ਸਬੰਧੀਆਂ ਨੂੰ ਯਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸਿਹਤ ਲਈ ਕਾਮਨਾ ਕਰਦਾ ਹਾਂ।

ਸ਼੍ਰੀ ਮਾਨ ਹਰਦੇਵ ਸਿੰਘ ਜੀ :- ਭਾਵ ਪ੍ਰਕਾਸ਼ ਦੀ ਸਭਾ ਵਿੱਚ ਨਜ਼ਰ ਆਉਂਦਾ ਹੈ ਕਿ ਧਰਮ ਸੰਬੰਧੀਆਂ ਦੇ ਮੇਰੇ ਤੁੱਛ ਉੱਤੇ ਬਹੁਤ ਉਪਕਾਰ ਹਨ। ਉਹ ਵਾਰ ਵਾਰ ਮੈਨੂੰ ਮਾਤਾ ਪਿਤਾ ਦਾ ਰੂਪ ਦਿਖਾਉਂਦੇ ਹਨ। ਮੇਰੇ ਵਿੱਚ ਧਨ ਦਾ ਅਨੁਰਾਗ ਬਹੁਤ ਜਿਆਦਾ ਹੈ। ਮੇਰੇ ਪਰਿਵਾਰ ਦੇ ਕਲਹ ਕਲੇਸ਼ ਤੋਂ ਧਰਮ ਸੰਬੰਧੀ ਬਚਾਉਂਦੇ ਹਨ ਅਤੇ ਨਰਕ ਦੂਰ ਕਰਦੇ ਹਨ। ਉਹ ਮੇਰੀ ਇਸ ਤਰ੍ਹਾਂ ਮਦਦ ਕਰਦੇ ਹਨ। ਮੈਂ ਵੀ ਧਰਮ ਸੰਬੰਧੀਆਂ ਦਾ ਉਪਕਾਰ ਦੇਖਿਆ ਕਰੂੰਗਾ।

ਸ਼੍ਰੀਮਾਨ ਬਲਦੇਵ ਸਿੰਘ ਜੀ ਮੱਲੇਕਾ (ਨਵੇਂ ਸੇਵਕ):- ਮੈਂ ਬਹੁਤ ਸ਼ੈਤਾਨ ਰੂਪ ਰੱਖਦਾ ਸੀ। ਖੂਬ ਚਾਲਾਕੀ ਨਾਲ ਸ਼ੈਤਾਨੀ ਕਰਦਾ ਤੇ ਪਤਾ ਨਾ ਲੱਗਣ ਦਿੰਦਾ। ਮਜਦੂਰਾਂ ਤੋਂ ਕੰਮ ਜਿਆਦਾ ਲੈਂਦਾ ਤੇ ਰੁਪਏ ਘੱਟ ਦਿੰਦਾ। ਮਜਦੂਰਾਂ ਨੂੰ ਆਪਣਾ ਦੋਸਤ ਬਣਾਕੇ ਸ਼ਰਾਬ ਪਿਲਾਕੇ ਬੇਹੋਸ਼ ਕਰ ਦਿੰਦੇ। ਇਸ ਤਰ੍ਹਾਂ ਇੱਕ ਜਨ ਤੋਂ 500 ਰੂਪੈ ਮਾਰ ਲਏ। ਇਸ ਤਰ੍ਹਾਂ ਸ਼ੈਤਾਨੀ ਕਰਦੇ ਰਹੇ, ਹੁਣ ਮੈਂ ਕਈ ਸਾਲਾਂ ਤੋਂ ਸਭਾਵਾਂ ਸੁਣਦਾ ਹਾਂ ਹੁਣ ਕਿਸੀ ਦਾ ਇੱਕ ਪੈਸਾ ਤੱਕ ਮਾਰ ਕੇ ਖਾਣ ਦੀ ਕੋਸ਼ਿਸ਼ ਨਹੀਂ ਕਰਦਾ। ਹੁਣ ਮਜਦੂਰ ਲੱਗੇ ਸੀ ਉਨ੍ਹਾਂ ਦੀ ਮਜਦੂਰੀ 775 ਰੂਪੈ ਬਣਦੀ ਸੀ। ਉਹ ਉਨ੍ਹਾਂ ਨੇ ਆਪਸ ਵਿੱਚ ਵੰਡਣੇ ਸੀ ਉਹ 770 ਰੂਪਏ ਮੰਗਣ ਲੱਗੇ ਤਾਂ ਕਿ ਵੰਡਣ ਵਿੱਚ ਆਸਾਨੀ ਰਹੇ ਮੈਂ ਉਨ੍ਹਾਂ ਨੂੰ 800 ਰੂਪੈ ਦੇ ਕੇ ਬਹੁਤ ਖੁਸ਼ੀ ਮਹਿਸੂਸ ਕੀਤੀ।

ਸ਼੍ਰੀਮਾਨ ਗਿਆਨ ਸਿੰਘ ਜੀ :- ਜਦੋਂ ਮੈਂ ਇਧਰ ਆਇਆ ਤਾਂ ਇਸ ਤੋਂ ਪਹਿਲਾ ਭਾਈ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਮੈਂ ਭਾਈ ਦੀ ਡਾਕਟਰੀ ਜਾਂਚ ਕਰਵਾਈ। ਭਾਈ ਨੂੰ ਮਿੱਥਿਆ ਸਾਧਨ ਕਰਨ ਨਹੀਂ ਦਿੱਤੇ। ਇਸ ਜਗ੍ਹ ਤੇ ਆਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਮਰਨੀ ਮਰਜਾਉਂਗਾ, ਹੁਣ ਕਿਸੇ ਮਿੱਥਿਆ ਦੀ ਤਰਫ, ਸਾਧੂ ਫਕੀਰਾਂ ਦੀ ਤਰਫ ਨਹੀਂ ਜਾਉਂਗਾ, ਚਾਹੇ ਮੇਰੀ ਗਰਦਨ ਉਤਰ ਜਾਵੇ।

ਸਮਾਂ ਬਹੁਤ ਹੋ ਗਿਆ ਸੀ, ਇੱਕ ਤੋਂ ਉਪਰ ਵੱਜ ਗਿਆ ਸੀ। ਸਭਾਪਤੀ ਨੇ ਇਸ ਸਭਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਗੁਰੂ ਮਹਾਰਾਜ ਅਤੇ ਹੋਰ ਸਹਾਇਕਾਰੀ ਸ਼ਕਤੀਆਂ, ਧਰਮਸ਼ਾਲਾਂ ਦੇ ਪ੍ਰਬੰਧ ਸੇਵਾਕਾਰੀ ਸਾਥੀਆਂ, ਸਭਾ ਕਰਵਾਉਣ ਵਾਲੇ ਅਤੇ ਆਉਣ ਵਾਲੇ ਸਭ ਯਾਤਰੀਆਂ ਦਾ ਗਹਿਰੇ ਦਿਲ ਨਾਲ ਧੰਨਵਾਦ ਕੀਤਾ। ਇਸ ਮਹਾਂਉਤਸਵ ਦੀ ਆਪਣੀ ਯੋਗਤਾਂ ਤੋਂ ਵੱਧ ਕੇ ਸਫਲਤਾ ਦੇ ਲਈ ਗਹਿਰੇ ਦਿਲੀ ਭਾਵਾਂ ਨਾਲ ਧੰਨਵਾਦ ਅਦਾ ਕੀਤਾ। **ਕਲਿਆਣ ਸਭਾ ਦਾ ਪਤਾ ਦਿੱਤਾ। ਇਹ ਸਤਸੰਗ 13,14 ਅਤੇ 15 ਫਰਵਰੀ ਨੂੰ ਰੱਖਿਆ ਜਾਏਗਾ।** ਇਸ ਦੇ ਨਾਲ ਸਭ ਨੇ ਖੜੇ ਹੋ ਕੇ ਦੇਵ ਆਰਤੀ ਦਾ ਗਾਨ ਕੀਤਾ ਅਤੇ ਭਗਵਾਨ ਦੀ ਜੈ ਧਵਨੀ ਦੇ ਨਾਅਰੇ ਬੁਲੰਦ ਕੀਤੇ। ਇਸਦੇ ਨਾਲ ਹੀ ਇਹ ਚਾਰ ਦਿਨ ਦਾ ਉਤਸਵ ਸੰਮਪੰਨ ਹੋ ਗਿਆ ਅਤੇ ਧਰਮ ਸੰਬੰਧੀ ਪੰਡਾਲ ਦੇ ਸਾਮਾਨ ਨੂੰ ਸਮੇਟਣ ਅਤੇ ਸੰਭਾਲਣ ਵਿੱਚ ਜੁਟ ਗਏ।

(ਇੱਕ ਸੇਵਕ)

ਹਿਤ ਸਰੋਤ

ਖੰਡ–23 ਜਨਵਰੀ 2004 **ਸੰਪਾਦਕ :**

ਅੰਕ –1 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ 153 ਵਾਂ ਸ਼ੁਭ ਜਨਮ ਮਹਾਂਉਤਸਵ

ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ 153 ਵਾਂ ਸ਼ੁਭ ਜਨਮ ਮਹਾਂਉਤਸਵ 7 ਦਸੰਬਰ ਤੋਂ 10 ਦਸੰਬਰ ਤੱਕ ਸ਼੍ਰੀਮਤੀ ਸ਼ੁਭਵਤੀ ਧਰਮਸ਼ਾਲਾ ਸੈਕਟਰ 18 ਡੀ ਚੰਡੀਗੜ੍ਹ ਵਿੱਚ ਪਿਛਲੇ ਕਈ ਸਾਲਾਂ ਦੀ ਤਰ੍ਹਾਂ ਪੂਰੇ ਚਾਅ ਭਾਵ ਨਾਲ ਮਨਾਇਆ ਗਿਆ। ਇਸ ਸ਼ੁਭ ਅਵਸਰ ਦੀ ਸਫਲਤਾ ਦੇ ਲਈ ਵਿਸ਼ੇਸ਼ ਤਿਆਰੀਆਂ ਕੀਤੀਆਂ ਗਈਆਂ। ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਸਾਰੇ ਥਾਵਾਂ ਦਾ ਇੱਕ ਇੱਕ ਸਾਥੀ ਨੂੰ ਨਾਲ ਲੈਕੇ ਜਾਂ ਇੱਕਲੇ ਦੌਰਾ ਕੀਤਾ ਅਤੇ ਸਾਥੀ ਸੇਵਕਾਂ ਅਤੇ ਸ਼ਰਧਾਵਾਨਾਂ ਨੂੰ ਮਹਾਂਉਤਸਵ ਤੇ ਪਹੁੰਚਣ ਦੇ ਲਈ ਪ੍ਰੇਰਣਾ ਕੀੱਤੀ ਅਤੇ ਬਹੁਤ ਸਾਰੇ ਪੱਤਰ ਇਸ ਮਕਸਦ ਲਈ ਲਿਖੇ ਗਏ। ਹਿੱਤ ਸਰੋਤ ਅਤੇ ਧਰਮ ਜੀਵਨ ਦੇ ਵਿਸ਼ੇਸ਼ ਅੰਕ ਛਪਵਾਏ ਗਏ ਅਤੇ ਇਨ੍ਹਾਂ ਦੇ ਦੁਆਰਾ ਵੀ ਮਹਾਂਉਤਸਵ ਦਾ ਸ਼ੁਭ ਸੰਵਾਦ ਪਹੁੰਚਾਇਆ ਗਿਆ। ਸੈਂਕੜੇ ਸੁੰਦਰ ਸੱਦਾ ਪੱਤਰ ਛਾਪੇ ਗਏ ਅਤੇ ਅਧਿਕਾਰੀ ਜਨਾਂ ਨੂੰ ਪੋਸਟ ਕੀਤੇ ਗਏ।

ਮਹਾਂ ਉਤਸਵ ਦੀਆਂ ਸਭਾਵਾਂ ਦੇ ਪ੍ਰੋਗਰਾਮ ਦੇ ਲਈ ਇਸ ਸਾਲ ਪੰਡਾਲ ਪਹਿਲੇ ਦੀ ਤਰ੍ਹਾਂ ਹੀ ਬਣਾਇਆ ਗਿਆ। ਪੰਡਾਲ ਨੂੰ ਅੰਦਰ ਬਾਹਰ ਬਰਫ਼ ਜਿਹੀਆਂ ਸਫੈਦ ਚਾਦਰਾਂ ਨਾਲ ਉੱਪਰ ਤੋਂ ਹੇਠਾਂ ਤੱਕ ਖੂਬ ਸਜਾਇਆ ਗਿਆ। ਬਿਜਲੀ ਦੇ ਸੁੰਦਰ ਫਾਨੂਸਨੁਮਾ ਸ਼ੈੱਡਲੀਅਰ ਲਟਕਾਏ ਗਏ। ਗੁਰੂ ਮਹਾਰਾਜ ਜੀ ਦੀ ਵੱਡੇ ਸਾਈਜ਼ ਦੀ ਫੋਟੋ ਅਤੇ ਉਨ੍ਹਾਂ ਦੇ ਮਾਟੋਜ਼ ਵੀ ਸਜਾਏ ਗਏ। ਉੱਚ ਆਤਮਾਵਾਂ ਦੀਆਂ ਫੋਟੋਆਂ ਪੰਡਾਲ ਦੇ ਦੋਨੋਂ ਤਰਫ਼ ਸਜਾਈਆਂ ਗਈਆਂ। ਹਾਲ ਨੂੰ ਸ਼੍ਰੀਮਤੀ ਸੁਰਜੀਤ ਬਰਾੜ, ਜਗਦੀਸ਼ ਜੀ, ਮੋਨਾ ਜੀ ਤੇ ਹੋਰ ਅਧਿਆਪਕਾਵਾਂ ਨੇ ਮਿਲ ਕੇ ਸਜਾਇਆ। ਫਰਸ਼ ਤੇ ਸਫੈਦ ਚਾਦਰਾਂ ਵਿਛਾਈਆਂ ਗਈਆਂ ਜਿਸਦੇ ਨਾਲ ਹਾਲ ਦੀ ਸ਼ੋਭਾ ਹੋਰ ਵੀ ਵੱਧ ਗਈ। ਨਵੀਆਂ ਕੁਰਸੀਆਂ ਦੀਆਂ ਲਾਈਨਾਂ ਲਗਾਈਆਂ ਗਈਆਂ। ਪੌਦੇ, ਗਮਲੇ, ਬਾਸਾਂ ਤੇ ਝੰਡੇ ਵੱਡੇ ਵਿਜੈ ਪਤਾਕਾ ਨੇ ਸਾਰੇ ਵਿਹੜੇ ਨੂੰ ਸਜਾ ਦਿੱਤਾ। ਹਮੇਸ਼ਾਂ ਦੀ ਤਰ੍ਹਾਂ ਪਰਾਲੀ ਦਾ ਚੰਗਾ ਪ੍ਰਬੰਧ ਕੀਤਾ ਗਿਆ। ਸ਼੍ਰੀਮਾਨ ਜਗਦੀਸ਼ ਜੀ, ਸੁਖਦੇਵ ਜੀ ਆਦਿ ਨੇ ਸਾਰੀਆਂ ਤਿਆਰੀਆਂ ਵਿੱਚ ਬਹੁਤ ਯੋਗਦਾਨ ਦਿੱਤਾ ਅਤੇ ਬਹੁਤ ਸ਼ਰਧਾ–ਪੂਰਬਕ ਸੇਵਾ ਕੀਤੀ। ਜਗਦੀਸ਼ ਜੀ ਕਈ ਦਿਨ ਇਨ੍ਹਾਂ ਸੇਵਾ ਦੇ ਕੰਮਾ ਵਿੱਚ ਭੱਜ ਭੱਜ ਕੇ ਕੰਮ ਕਰਦੇ ਰਹੇ ਅਤੇ ਖੁਸ਼ੀ ਖੁਸ਼ੀ ਸੇਵਕਾਰੀ ਹੁੰਦੇ ਰਹੇ।

ਇਸ ਪਾਵਨ ਅਵਸਰ ਤੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਯੂ. ਪੀ., ਬਿਹਾਰ, ਦਿੱਲੀ ਆਦਿ ਸਥਾਨਾਂ ਤੋਂ ਬਹੁਤ ਸਾਰੇ ਯਾਤਰੀ ਪਹੁੰਚੇ। ਕਲਿਆਣ, ਭੁਚੋ ਮੰਡੀ, ਗੋਨਿਆਣਾ ਮੰਡੀ, ਮੋਗਾ, ਬਠਿੰਡਾ, ਥਰਾਜਵਾਲਾ, ਜੰਡਵਾਲਾ, ਸੰਗਰੂਰ, ਮੁਹਾਲੀ, ਲੁਧਿਆਣਾ, ਪੰਚਕੂਲਾ, ਕੁੰਆਂ ਖੇੜਾ, ਧਰਮਸ਼ਾਲਾ, ਮਹਿੰਮਾਸਵਾਈ, ਮਹਿਮਾ ਸਰਕਾਰੀ, ਪਦਮਪੁਰ, ਰਾਜਸਿੰਘਪੁਰ, ਖਤੌਲੀ, ਮੱਲੇਕਾ, ਗੁਰ ਹਰ ਸਹਾਏ, ਢਾਣੀ (ਮੌਜ ਦੀਨ) ਕੇਸੂਪੂਰਾ, ਬਨੀ, ਸਿਰਸਾ, ਤਲਵੰਡੀ ਭਾਈ, ਮੰਦਵਾੜੀ, ਡੇਰਾਬੱਸੀ, ਅੰਬਾਲਾ ਜਮਨਾਨਗਰ, ਸਾਈਆਂਵਾਲਾ, ਰਾਏਪੁਰਰਾਣੀ, ਦਿੱਲੀ, ਕੈਥਲ, ਮੇਰਠ, ਮਲੋਟ, ਗਿੱਦੜਾਂਵਾਲੀ, ਬੂੰਗੀ, ਫਿਰੋਜ਼ਪੁਰ ਅਤੇ ਲੋਕਲ ਚੰਡੀਗੜ੍ਹ ਆਦਿ ਸਥਾਨਾਂ ਤੋਂ ਸੈਂਕੜੇ ਯਾਤਰੀ ਪਹੁੰਚੇ।

ਲੋਕਲ ਹਿੰਦੀ ਅੰਗਰੇਜ਼ੀ ਅਖਬਾਰਾਂ, ਟਰਬਿਊਨ, ਹਿੰਦੁਸਤਾਨ ਟਾਈਮਜ਼, ਇੰਡੀਅਨ ਐਕਸਪ੍ਰੈਸ ਆਦਿ

ਵਿੱਚ ਚਾਰੋਂ ਦਿਨ ਮਹਾਂਉਤਸਵ ਦੇ ਪ੍ਰੋਗਰਾਮਾਂ ਦੀ ਸੂਚਨਾ ਛਪਦੀ ਰਹੀ। ਯਾਤਰੀਆਂ ਦੇ ਇਸ਼ਨਾਨ ਲਈ ਗਰਮ ਪਾਣੀ ਦਾ ਭਰਪੂਰ ਪ੍ਰਬੰਧ ਸੀ। ਇਹ ਸੇਵਾ ਹਰ ਸਾਲ ਦੀ ਤਰ੍ਹਾਂ ਸ਼੍ਰੀ ਸੀਤਾ ਰਾਮ ਜੀ ਅਤੇ ਰਤਨ ਸਿੰਘ ਜੀ ਚੌਹਾਨ ਖੁਸ਼ੀ ਖੁਸ਼ੀ ਕਰਦੇ ਰਹੇ। ਘੰਟਾ ਵਜਾਉਣ ਦੀ ਸੇਵਾ ਸ਼੍ਰੀਮਾਨ ਓਮ ਪ੍ਰਕਾਸ਼ ਜੀ ਵਰਮਾ ਅਤੇ ਗਿਆਨ ਚੰਦ ਜੀ ਕਰਦੇ ਰਹੇ। ਪੁਸਤਕਾਂ ਦੀ ਸਟਾਲ ਤੇ ਸ਼੍ਰੀ ਵਰਮਾ ਜੀ ਡਿਊਟੀ ਕਰਦੇ ਰਹੇ। ਭਜਨਾਂ ਦਾ ਗਾਨ ਸ਼੍ਰੀ ਜਗਦੀਸ਼ ਜੀ ਕਰਦੇ ਰਹੇ। ਦਫਤਰ ਦਾ ਕੰਮ ਜਗਦੀਸ਼ ਜੀ ਦੇ ਨਾਲ ਹੋਰ ਕਈ ਧਰਮ ਸੰਬੰਧੀ ਕਰਦੇ ਰਹੇ। ਹਾਰਾਂ ਅਤੇ ਗੈਸਾਂ ਦਾ ਪ੍ਰਬੰਧ ਵੀ ਇਸ ਪਾਰਟੀ ਨੇ ਸੰਭਾਲਿਆ।

ਗੁਰਦੇਵ ਰਾਜ ਜੀ ਭਜਨਾਂ ਦੇ ਗਾਨ ਵਿੱਚ ਬਹੁਤ ਸਹਾਇਕ ਹੋਏ। ਬੱਚਿਆਂ ਦੀ ਸਭਾ ਨੂੰ ਸ਼੍ਰੀਮਤੀ ਸੁਰਜੀਤ ਜੀ ਬਰਾੜ ਨੇ ਸੰਭਾਲਿਆ। ਯਾਤਰੀਆਂ ਦੀ ਹਾਜ਼ਰੀ ਉਤਸ਼ਾਹ ਜਨਕ ਸੀ। ਖਾਣੇ ਦਾ ਪ੍ਰਬੰਧ ਬਹੁਤ ਚੰਗਾ ਰਿਹਾ। ਹਾਜਰੀਨ ਬਹੁਤ ਧੰਨ ਧੰਨ ਹੁੰਦੇ ਰਹੇ। ਦਾਨ ਵੀ ਆਸ਼ਾ ਜਨਕ ਹੋਇਆ। ਮਹਾਂ ਉਤਸਵ ਦੀ ਹਰ ਇੱਕ ਸਭਾ ਵਿੱਚ ਦੇਵ ਪ੍ਰਭਾਵਾਂ ਦਾ ਅਤਿ ਹਿੱਤਕਰ ਮੰਡਲ ਬਣਦਾ ਰਿਹਾ, ਉਸਦਾ ਬਿਆਨ ਕਰਨਾ ਕਠਿਨ ਹੈ। ਸਭਾਵਾਂ ਦਾ ਸੰਖੇਪ ਹਾਲ ਇਸ ਪ੍ਰਕਾਰ ਹੈ।

7 ਦਸੰਬਰ 2003 ਪ੍ਰਵੇਸ਼ ਸਭਾ ਸ਼ਾਮ 4 ਵਜੇ

ਸਭਾਪਤੀ ਸ਼੍ਰੀ ਮਾਨ ਬਲਬਹਾਦਰ ਸਿੰਘ ਜੀ:- ਸਭ ਤੋਂ ਪਹਿਲਾਂ ਸ਼੍ਰੀ ਮਾਨ ਜਗਦੀਸ਼ ਪ੍ਰਸਾਦ ਜੀ ਨੇ ਸਦਾ ਦੀ ਤਰ੍ਹਾਂ ਦਿਲ ਦੇ ਭਾਵਾਂ ਨਾਲ ਭਰਕੇ, "ਹਮਾਰੇ ਪੂਜਨੀਕ ਸਤਿਗੁਰੂ ਜੀ ਤੁਮ ਹੋ ਧੰਨ" ਨਾਮਕ ਭਜਨ ਦਾ ਅਲਾਪ ਸ਼ੁਰੂ ਕੀਤਾ। ਹਾਜਰ ਜਨਾਂ ਨੇ ਭੀ ਜੋਸ਼ ਨਾਲ ਭਰਕੇ ਉਨ੍ਹਾਂ ਦਾ ਸਾਥ ਦਿੱਤਾ। ਇਸ ਗੀਤ ਦੇ ਨਾਲ ਹੀ ਮਹਾਂਉਤਸਵ ਦਾ ਸ਼ੁਭ ਆਰੰਭ ਹੋਇਆ। ਫਿਰ ਸੁੰਦਰ ਹਾਰ ਦੇ ਦੁਆਰਾ ਭਗਵਾਨ ਦੇਵ ਆਤਮਾ ਦਾ ਛਵੀ ਦੁਆਰਾ ਅਰਚਨ ਕੀਤਾ ਗਿਆ। ਦੇਵ ਸਤੋਤਰ ਦਾ ਸਮੂਹ ਗਾਨ ਕੀਤਾ ਗਿਆ ਅਤੇ ਉਸਦੀ ਸਭਾਪਤੀ ਜੀ ਨੇ ਵਿਆਖਿਆ ਕੀਤੀ। ਪ੍ਰਾਰਥਣਾ ਦੇ ਬਾਅਦ ਮਾਡਲ ਸਕੂਲ ਦੇ ਬੱਚਿਆਂ ਨੇ ਮਿਲਕੇ ਸੁਆਗਤਮ ਦਾ ਸੁੰਦਰ ਭਜਨ ਗਾਇਆ।

ਸਭਾਪਤੀ ਜੀ ਨੇ ਫਰਮਾਇਆ ਕਿ ਸਭ ਚੀਜਾਂ ਕੀਮਤੀ ਹਨ। ਧੰਨ, ਸਿਹਤ ਅਤੇ ਵਿੱਦਿਆ ਬਹੁਤ ਕੀਮਤੀ ਹੈ। ਪਰੰਤੂ ਸਭ ਤੋਂ ਵੱਧ ਕੀਮਤੀ ਹੈ ਉਹ ਪ੍ਰਭਾਵ ਜੋ ਸਾਡੀ ਨੀਚ ਜਿੰਦਗੀ ਨੂੰ ਦਿਖਾਉਂਦੇ ਹਨ ਅਤੇ ਉਸਨੂੰ ਮਿਟਾਉਂਦੇ ਹਨ ਅਤੇ ਉੱਚ ਜੀਵਨ ਨੂੰ ਪੈਦਾ ਕਰਦੇ ਹਨ। ਜੋ ਆਪਣੇ ਆਪ ਨੂੰ ਦੇਖ ਲੈਂਦਾ ਹੈ ਉਹ ਸਭ ਤੋਂ ਵੱਡਾ ਦਾਨ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਸ਼ੁਭ ਅਵਸਰ ਤੇ ਪਹੁੰਚਣ ਵਾਲਿਆਂ ਦਾ ਸਨਮਾਨ ਪ੍ਰਦਰਸ਼ਨ ਕੀਤਾ ਗਿਆ। ਖੜੇ ਹੋਕੇ ਸਭ ਨੂੰ ਸ਼ੁਭ ਆਗਮਨ ਤੇ ਬਹੁਤ ਭਰੇ ਦਿਲ ਅਤੇ ਹੰਝੂਆਂ ਦੇ ਨਾਲ ਸਭ ਦਾ ਪੁਰਜ਼ੋਰ ਸੁਆਗਤ ਕੀਤਾ ਗਿਆ। ਫਿਰ ਇੱਕ ਭਜਨ ਸ਼੍ਰੀਮਾਨ ਜਗਦੀਸ਼ ਜੀ ਨੇ, "ਦੇਤੇ ਹੈ ਧੰਨਵਾਦ ਤੁਮੇਂ" ਨਾਮਕ ਭਜਨ ਬਹੁਤ ਭਾਵਾਂ ਨਾਲ ਭਰਕੇ ਤੇ ਜਾਰੋ ਕਤਾਰ ਰੋਂਦੇ ਹੋਏ ਗਾਇਆ। ਸਭਾਪਤੀ ਜੀ ਨੇ ਆਪਣੇ ਭਤੀਜੇ ਦੀ ਮਿਸਾਲ ਦਿੱਤੀ ਕਿ ਜਦੋਂ ਉਹ ਪਿੰਡੋਂ ਮੇਰੇ ਪਾਸ ਰਹਿਣ ਦੇ ਲਈ ਆਇਆ ਸੀ ਤਾਂ ਉਸਦਾ ਸਿਰ ਰੋਡਾ ਸੀ ਤੇ ਕਮੀਜ ਪਜਾਮਾ ਪਹਿਨਿਆਂ ਹੋਇਆ ਸੀ। ਚੰਦ ਮਹੀਨਿਆਂ ਦੇ ਅੰਦਰ ਹੀ ਉਸਦੀ Dress ਵਿੱਚ ਪਰਿਵਰਤਨ ਆ ਗਿਆ ਉਹ ਖੂਬ ਜੋਰ ਲਗਾਕੇ Dress up ਹੋਣ ਲੱਗਾ ਅਤੇ ਹੁਣ ਉਹ ਮੇਰੇ ਕੱਪੜਿਆਂ ਵਿੱਚ ਅਤੇ ਕਰੀਜ਼ ਆਦਿ ਵਿੱਚ ਨੁਕਸ ਕੱਢ ਦਿੰਦਾ ਹੈ। ਅੱਗੇ ਦੱਸਦੇ ਹਨ ਕਿ 1982 ਵਿੱਚ ਸ਼੍ਰੀਮਾਨ ਸੈਕ੍ਰਟਰੀ ਸਾਹਿਬ ਦੀ ਨੀਮ ਮੁਰਦਾ ਹਾਲਤ ਵਿੱਚ ਉਨ੍ਹਾਂ ਦੇ ਸੰਬੰਧੀ ਜ਼ੋਰ ਦੇ ਕੇ ਮਈ ਦੇ ਮਹੀਨੇ ਆਖਿਰ ਵਿੱਚ ਮਨਾਲੀ ਲੈ ਗਏ। ਰਸਤੇ ਵਿੱਚ ਉਨ੍ਹਾਂ ਦੇ ਸੰਬੰਧੀ ਪਛਤਾਉਣ ਲੱਗੇ ਕਿ ਉਨ੍ਹਾਂ ਨੂੰ ਨਹੀਂ ਲਿਆਉਣਾ ਚਾਹੀਦਾ ਸੀ ਪਰੰਤੂ ਮਨਾਲੀ ਪਹੁੰਚ ਕੇ ਉਨ੍ਹਾਂ ਵਿੱਚ ਨਵੀਂ ਜਾਨ ਆ ਗਈ ਅਤੇ ਉਹ ਰਿਸ਼ਟ-ਪੁਸ਼ਟ ਹੋ ਗਏ।

ਜਗਦੀਸ਼ ਜੀ ਕਿਉਂ ਸ਼ਰਾਬ, ਮਾਸ, ਸਿਗਰੇਟ, ਜੂਆ ਆਦਿ ਛੱਡਣ ਲਈ ਮਜਬੂਰ ਹੋ ਗਏ? ਗੁਰੂ ਮਹਾਰਾਜ ਜੀ ਦੀ ਜੋਤੀ ਅਤੇ ਤੇਜ ਇਨਸਾਨ ਦਾ ਧਿਆਨ ਆਪਣੇ ਨੀਚ ਜੀਵਨ ਦੀ ਤਰਫ਼ ਫੇਰਦੇ ਹਨ। ਭਗਵਾਨ ਨੇ ਭਾਰਤ ਵਿੱਚ ਜਨਮ ਲੈ ਕੇ ਸਾਰੇ ਸੰਸਾਰ ਵਿੱਚ ਭਾਰਤ ਦਾ ਮੁੱਖ ਉਜਵੱਲ ਕਰ ਦਿੱਤਾ ਹੈ। ਸੁਆਮੀ ਗੋਬਿੰਦ ਰਾਮ ਜੀ, ਭਾਈ ਮੋਹਨ ਦੇਵ ਜੀ ਅਤੇ ਸ਼੍ਰੀਮਾਨ ਹਾਸਾਮੱਲ ਜੀ ਦੇ ਬਾਰੇ ਬਿਆਨ ਕੀਤਾ ਗਿਆ।

ਸਾਡਾ ਪਵਿੱਤਰ ਕਰਤੱਵ ਹੈ ਕਿ ਅਸੀਂ ਅਜਿਹੇ

ਦਾਨ ਨੂੰ ਪਾ ਕੇ ਵੀ ਅਗਰ ਖਾਮੋਸ਼ ਰਹਾਂਗੇਂ ਤਾਂ ਸਾਡਾ ਕੁੱਝ ਵੀ ਨਹੀਂ ਬਣੇਗਾ ਅੱਠ ਪਾਪ ਛੱਡ ਕੇ ਵੀ ਕੁੱਝ ਨਹੀਂ ਬਣੇਗਾ ਜੋ ਦਾਨ ਮਿਲਿਆ ਹੈ ਉਸਨੂੰ ਦੂਸਰਿਆਂ ਵਿੱਚ ਵੱਡੋ। ਸੁਆਰਥੀ ਰਹਿਣਾ, ਗੰਦਗੀ ਦਾ ਕੀੜਾ ਬਣਨਾ ਹੈ। ਸੁਆਰਥੀ ਜੀਵਨ ਕੋਈ ਲਾਭ ਨਹੀਂ ਕਰ ਸਕਦਾ। ਦੇਵ ਪ੍ਰਭਾਵ ਹੀ ਸੁਆਰਥ ਨੂੰ ਦਿਖਾਉਂਦੇ ਹਨ ਤੇ ਛਡਾਉਂਦੇ ਹਨ, ਅਤੇ ਨਵੇਂ ਲੋਕ ਵਿੱਚ ਵਾਸ ਕਰਵਾਉਂਦੇ ਹਨ। ਸ਼ਰਧੇ ਸ਼੍ਰੀਮਾਨ ਦੇਵਤ ਸਿੰਘ ਜੀ ਨੇ ਪ੍ਰਭਾਵ ਪਾਏ ਅਤੇ ਦੂਸਰਿਆਂ ਦੀ ਸੇਵਾ ਲਈ ਸਭ ਕੁੱਝ ਕੁਰਬਾਨ ਕਰ ਦਿੱਤਾ, ਪੱਥਰ ਖਾਦੇ। ਸ਼ਰਧੇ ਸ਼੍ਰੀਮਾਨ ਈਸ਼ਵਰ ਸਿੰਘ ਜੀ ਅਤੇ ਗੁਰਬਖਸ਼ ਸਿੰਘ ਜੀ ਸੇਵਾ ਕਰਦੇ ਅਤੇ ਸੇਵਾ ਕਰਨ ਵਾਲਿਆਂ ਨੂੰ ਵਾਰ ਵਾਰ ਧੰਨਵਾਦ ਦਿੰਦੇ। ਭਗਵਾਨ ਨੇ ਗਿੱਦੜਾਂ ਨੂੰ ਖਰਬੂਜਿਆਂ ਦੀ ਰਾਖੀ ਤੇ ਬਿਠਾ ਦਿੱਤਾ। ਨੇਤ ਰਾਮ ਜੀ ਜੈਸੇ ਪ੍ਰਚਾਰਕ ਲੜਕੀਆਂ ਦੇ ਰੱਖਿਅਕ ਤੇ ਪਿਤਾ ਬਣਾਕੇ ਉਨ੍ਹਾਂ ਦੇ ਨਾਲ ਭੇਜਿਆ। ਸਰਦਾਰ ਹਰਨਾਮ ਸਿੰਘ ਜੀ ਦਾ ਪਰਿਵਰਤਨ ਸੁਣਾਇਆ ਗਿਆ।

ਪਤੀ ਪਤਨੀ ਦੇ ਵਿਵਹਾਰ ਬਦਲੇ ਹਨ। ਪੁਤਰਾਂ ਦੇ ਵਿਵਹਾਰ ਬਦਲੇ ਹਨ। ਇਹ ਪ੍ਰਵੇਸ਼ ਸਭਾ ਕੀ ਸੀ। ਦੇਵ ਪ੍ਰਭਾਵਾਂ ਦਾ ਇੱਕ ਜ਼ੋਰ ਦਾਰ ਝੋਕਾਂ ਸੀ ਤੇ ਸਭਾਪਤੀ ਜੀ ਅੰਦਰ ਤੋਂ ਹਿੱਲੇ ਹੋਏ ਸੀ ਅਤੇ ਦਿਲ ਦੇ ਭਾਵ ਪੇਸ਼ ਕਰ ਰਹੇ ਸੀ। ਜਿਆਦਾ ਤਰ ਹਾਜ਼ਰੀਨ ਪਵਿੱਤਰ ਹੰਝੂ ਵਹਾ ਰਹੇ ਸੀ ਤੇ ਆਪਣਾ ਮਹਾਂ ਸੁਭਾਗ ਬੋਧ ਕਰਕੇ ਗੁਰੂ ਚਰਨਾਂ ਵਿੱਚ ਪ੍ਰਣਾਮ ਕਰ ਰਹੇ ਸੀ। ਦੇਵ ਪ੍ਰਭਾਵਾਂ ਦਾ ਇੱਕ ਸ਼ਾਨਦਾਰ ਵਾਤਾਵਰਣ ਸੀ। ਜਿਸ ਵਿੱਚ ਸਾਰੇ ਧੰਨ ਧੰਨ ਮਹਿਸੂਸ ਕਰ ਰਹੇ ਸੀ। ਇਸੇ ਸਭਾ ਤੋਂ ਮਹਾਂਉਤਸਵ ਸਾਰਥਕ ਹੋਇਆ ਹੁੰਦਾ ਦਿਖਾਈ ਦਿੰਦਾ ਸੀ।

ਇਸਦੇ ਬਾਅਦ ਸ਼੍ਰੀ ਸੈਕ੍ਰਟਰੀ ਸਾਹਿਬ ਜੀ ਸਭਾ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਭਰੇ ਦਿਲ ਨਾਲ ਹਾਜ਼ਿਰ ਜਨਾਂ ਦਾ ਸੁਆਗਤ ਕੀਤਾ ਅਤੇ ਸਭਾਪਤੀ ਜੀ ਨੂੰ ਹਾਰਦਿਕ ਧੰਨਵਾਦ ਦਿਤਾ ਅਤੇ ਅਗਲੇ ਦਿਨਾਂ ਦੇ ਪ੍ਰੋਗਰਾਮਾਂ ਦਾ ਪਤਾ ਦਿੱਤਾ। ਜ਼ਰੂਰੀ ਸੂਚਨਾਵਾਂ ਅਤੇ ਡਿਊਟੀਆਂ ਦਾ ਵਰਣਨ ਕੀਤਾ। ਸਭ ਨੇ ਖੜੇ ਹੋਕੇ ਜੈ ਧਵਨੀ ਕੀਤੀ ਅਤੇ ਸਭਾ ਸਮਾਪਤ ਹੋ ਗਈ।

8 ਦਸੰਬਰ 2003 (ਸੋਮਵਾਰ) ਪਹਿਲੀ ਸਭਾ ਸਵੇਰੇ 8:30 ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ

ਵਿਸ਼ੇ :- ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ ਪਰਮ ਆਵਸ਼ੱਕ ਜੀਵਨ-ਦਾਇਕ ਸੰਬੰਧ।

ਸਭ ਤੋਂ ਪਹਿਲਾ ਸ਼੍ਰੀਮਾਨ ਜੀ ਨੇ 'ਮੇਰੇ ਜੀਵਨ ਦੇ ਦਾਤਾ ਤੁਮਰੀ ਮਹਾਨ ਮਹਿੰਮਾ' ਵਾਲਾ ਭਜਨ ਗਾਇਆ। ਫਿਰ ਦੇਵ ਸਤੋਤਰ ਦਾ ਗਾਨ ਅਤੇ ਵਿਆਖਿਆ ਕੀਤੀ। ਫਿਰ ਸਭਾਪਤੀ ਜੀ ਨੇ ਹਾਰਦਿਕ ਭਾਵਾਂ ਨਾਲ ਪ੍ਰਾਥਣਾ ਕੀਤੀ। ਫਿਰ "ਪਰਮ ਆਵਸ਼ਕ ਜੀਵਨ ਦਾਇਕ" ਨਾਮਕ ਭਜਨ ਗਾਇਆ ਗਿਆ। ਇਸਦੇ ਬਾਅਦ ਸਭਾਪਤੀ ਜੀ ਨੇ ਫਰਮਾਇਆ ਕਿ ਇਸ ਵਿਸ਼ੇ ਦੇ ਨਾਲ ਇਨਸਾਫ ਕਰਨਾ ਮੇਰੇ ਲਈ ਅਸੰਭਵ ਹੈ ਕੇਵਲ ਉਹੀ ਜਨ ਇਸ ਵਿਸ਼ੇ ਤੇ ਇਨਸਾਫ ਕਰ ਸਕਦਾ ਹੈ ਜੋ ਚਾਰ ਪਹਿਲੂਆਂ ਵਿੱਚ ਵਿਸ਼ੇਸ਼ਤਾ ਰੱਖਦਾ ਹੋਵੇ।

1. ਆਤਮਾ ਨੂੰ ਸੱਚ ਅਤੇ ਸਾਰ ਸਮਝਦਾ ਹੋਵੇ।
2. ਜੋ ਨੀਚ ਭਾਵ ਉਸਦਾ ਪਤਨ ਕਰਦੇ ਹਨ ਉਹਨ੍ਹਾਂ ਤੋਂ ਮੁਕਤੀ ਪਾਉਣ ਲਈ ਉੱਚ ਸਾਧਨਾਂ ਵਿੱਚ ਰਤ ਹੋਵੇ।
3. ਜੋ ਭਾਵ ਉਸਦਾ ਵਿਕਾਸ ਕਰਦੇ ਹਨ, ਉਨ੍ਹਾਂ ਨੂੰ ਉਤਪੰਨ ਕਰਨ ਦੇ ਸਾਧਨਾਂ ਵਿਚ ਰਤ ਹੋਵੇ।
4. ਜੋ ਦੇਵ ਆਤਮਾ ਦਾ ਆਕਰਸ਼ਣ ਪਾਉਣਾ ਲੋਚਦਾ ਹੋਵੇ।

ਵਿਕਾਸ ਦੀ theory ਇਹ ਦੱਸਦੀ ਹੈ ਕਿ ਜੀਵਨ ਦਾ ਇਹ ਆਰੰਭ ਭੌਤਿਕ ਸ਼ਕਤੀ ਅਤੇ ਭੌਤਿਕ ਪਦਾਰਥਾਂ ਦੇ ਨਾਲ ਹੋਇਆ। ਫਿਰ ਉਨ੍ਹਾਂ ਤੋਂ ਪੌਦੇ ਅਤੇ ਪਸ਼ੂਆਂ ਤੋਂ ਵਿਕਾਸ ਪਾਉਂਦਾ ਹੋਇਆ ਇਨਸਾਨ ਪੈਦਾ ਹੋ ਗਿਆ। ਵਿਕਾਸ ਤੋਂ ਇਨਸਾਨ ਵਿੱਚ ਇਹ ਸੋਚ ਪੈਦਾ ਹੋ ਗਈ ਅਤੇ ਸਵਾਲ ਇਹ ਪੈਦਾ ਹੋ ਗਿਆ ਕਿ ਮੈਂ ਕੀ ਹਾਂ? ਮੇਰਾ ਜੀਵਨ ਕੀ ਹੈ? ਇਸਦਾ ਲਕਸ਼ ਕੀ ਹੈ? ਕੀ ਕਰਨਾ ਹੈ? ਕੀ ਨਹੀਂ ਕਰਨਾ। ਇਸ ਤਰ੍ਹਾਂ ਦੇ ਸਵਾਲਾਂ ਦਾ ਸਿਲਸਿਲਾ ਆਰੰਭ ਤੋਂ ਹੀ ਜਾਰੀ ਹੋ ਗਿਆ।

ਜੀਵਨ ਦੇ ਲਈ ਕੁੱਝ ਪਦਾਰਥ ਜਰੂਰੀ ਹਨ। ਆਕਸੀਜਨ ਦੇ ਬਿਨ੍ਹਾਂ ਅਸੀਂ ਚੰਦ ਮਿੰਟ ਵੀ ਨਹੀਂ ਜੀ ਸਕਦੇ ਇਹ ਸਾਡੀ ਪਰਮ ਅਵਸ਼ਕ ਸੰਬੰਧੀ ਹੈ। ਇਸ ਪ੍ਰਕਾਰ ਸੂਰਜ, ਪਾਣੀ ਅਤੇ ਖੁਰਾਕ ਵੀ ਸਾਡੇ ਲਈ ਪਰਮ ਆਵਸ਼ੱਕ ਸੰਬੰਧੀ ਹਨ। ਸਾਨੂੰ ਜੋ ਇਸ ਦੁਨੀਆਂ ਵਿੱਚ

ਲਿਆਉਂਦੇ ਹਨ ਉਹ ਸਾਡੇ ਲਈ ਖਾਸ ਸੰਬੰਧੀ ਹਨ, ਉਹ ਮਾਤਾ ਪਿਤਾ ਹਨ। ਸਮਾਜ ਵਿੱਚ ਜੋ ਸਾਡਾ ਵਿਕਾਸ ਹੁੰਦਾ ਹੈ ਉਹ ਸੰਬੰਧੀ ਵੀ ਪਰਮ ਆਵਸ਼ਕ ਸੰਬੰਧੀ ਹਨ।

ਸਾਡੀ ਹਸਤੀ ਵਿੱਚ ਸਾਡੀ ਆਤਮਾ ਮੁੱਖ ਵਸਤੂ ਹੈ। ਸਾਰ ਅਤੇ ਕੀਮਤੀ ਹੈ। ਇਹ ਸਾਡੀ ਜਾਨ ਮੁੱਖ ਹੈ। ਜਾਨ ਸ਼ਰੀਰ ਬਣਾ ਸਕਦੀ ਹੈ। ਸ਼ਰੀਰ ਜਾਨ ਨਹੀਂ ਬਣਾ ਸਕਦਾ।

ਨਸ਼ੇ ਤੋਂ ਬਾਅਦ, ਆਲਸ ਅਤੇ ਕਾਮ ਵਾਸਨਾ ਆਦਿ ਤੋਂ ਸਭ ਤੋਂ ਵੱਧ ਕੇ ਸ਼ਰੀਰ ਦਾ ਨਾਸ਼ ਹੁੰਦਾ ਹੈ। ਘਮੰਡ ਅਤੇ ਨੀਚ ਘ੍ਰਿਣਾ, ਸੁਆਰਥ ਆਦਿ ਘੋਰ ਬਰਬਾਦੀ ਲਿਆਉਂਦੇ ਹਨ। ਪਰਮ ਪੂਜਨੀਕ ਭਗਵਾਨ ਦਾ ਸੰਬੰਧ ਉਨ੍ਹਾਂ ਤੋਂ ਮੁਕਤੀ ਦਿੰਦਾ ਹੈ। ਇਸ ਲਈ ਇਹ ਪਰਮ ਆਵਸ਼ੱਕ ਸੰਬੰਧ ਹੈ। ਉੱਚ ਸੰਬੰਧੀ ਉੱਚ ਭਾਵ ਪੈਦਾ ਕਰਦੇ ਹਨ। ਗਾਂਧੀ, ਮਦਰ ਟਰੇਸਾ ਦੇ ਸੰਪਰਕ ਤੋਂ ਯੋਗ ਜਨਾਂ ਵਿੱਚ ਹਮਦਰਦੀ ਪੈਦਾ ਹੋ ਜਾਂਦੀ ਹੈ। ਸਾਤਵਿਕ ਭਾਵਾਂ ਤੋਂ ਨੀਚ ਗਤੀ ਅਤੇ ਪਾਪ ਵੀ ਹੋ ਜਾਂਦੇ ਹਨ। ਹਮਦਰਦੀ, ਸ਼ੁਕਰਗੁਜਾਰੀ ਤੋਂ ਗਲਤ ਕੰਮ ਵੀ ਹੋ ਜਾਂਦੇ ਹਨ।

ਮੇਰੇ ਘਰ ਆਕੇ ਇੱਕ ਆਦਮੀ ਕਹਿਣ ਲੱਗਾ ਕਿ ਮੈਂ ਦੋ ਤਿੰਨ ਵਾਰ ਪਹਿਲੇ ਵੀ ਆਇਆ ਹਾਂ ਮੇਰੇ ਜਵਾਈ ਦੀ ਲੱਤ ਟੁੱਟ ਗਈ ਹੈ ਮੈਨੂੰ ਪੈਸੇ ਚਾਹੀਦੇ ਹਨ। ਮੈਂ 500 ਰੁਪਏ ਦੇ ਦਿੱਤੇ। ਉਸਨੇ ਅਫੀਮ ਲੈਕੇ ਖਾ ਲਈ। ਕਬੀਰ ਜੀ ਨੇ ਚੋਰ ਦੀ ਮਦਦ ਕੀਤੀ। ਪੂਜਨੀਕ ਭਗਵਾਨ ਦੇਵ ਆਤਮਾ ਦੇ ਸੰਬੰਧ ਨਾਲ ਸਾਤਵਿਕ ਜੀਵਨ ਤੋਂ ਹੋਣ ਵਾਲੀਆਂ ਨੀਚ ਗਤੀਆਂ ਵੀ ਦੂਰ ਹੋ ਜਾਂਦੀਆਂ ਹਨ। ਇਸ ਲਈ ਭਗਵਾਨ ਦਾ ਸੰਬੰਧ ਪਰਮ ਆਵਸ਼ੱਕ ਹੈ। ਆਪਣੀ ਨੀਚਤਾ ਦੇਖਣ ਦੇ ਲਈ ਅਤੇ ਉਸ ਤੋਂ ਬਚਣ ਦੇ ਲਈ ਦੇਵ ਆਤਮਾ ਦੇ ਸਬੰਧ ਦੀ ਜ਼ਰੂਰਤ ਹੈ। ਆਪਣਾ ਆਪ ਦੇਖਣ ਦੇ ਲਈ ਦੇਵ ਆਤਮਾ ਦੇ ਸੰਬੰਧ ਦੀ ਜ਼ਰੂਰਤ ਹੈ। ਉਪਕਾਰੀਆਂ ਦੀ ਦੁਨੀਆਂ ਨਜ਼ਰ ਆਉਂਦੀ ਹੈ। ਇਸ ਲਈ ਵੀ ਦੇਵ ਆਤਮਾ ਦੇ ਸੰਬੰਧ ਦੀ ਜ਼ਰੂਰਤ ਹੈ। ਜੀਵਨ ਨੂੰ ਨਵੇਂ ਅਰਥ ਅਤੇ ਨਵੀਂ ਸਾਰਥਿਕਤਾ ਦੇਣ ਦੇ ਲਈ ਭਗਵਾਨ ਦੇਵ ਆਤਮਾ ਦਾ ਸੰਬੰਧ ਜਰੂਰੀ ਹੈ। ਫਰਜ਼ ਅਤੇ ਕਰਤੱਵ ਬੋਧੀ ਬਣਾਉਣ ਦੇ ਲਈ ਭਗਵਾਨ ਦੇਵ ਆਤਮਾ ਦੇ ਸੰਬੰਧ ਦੀ ਜਰੂਰਤ ਹੈ। ਚੰਗੇ ਅਧਿਆਪਕ, ਪਟਵਾਰੀ, ਤਹਸੀਲਦਾਰ ਅਤੇ ਹੋਰ ਉੱਚ ਅਧਿਕਾਰੀ ਬਣਾਉਣ ਦੇ ਲਈ ਭਗਵਾਨ ਦੇਵ ਆਤਮਾ ਦੇ ਨਾਲ ਸੰਬੰਧ ਦੀ ਜ਼ਰੂਰਤ ਹੈ। ਮੇਰੇ ਵਰਗੇ ਨੂੰ ਦਿਖਾਇਆ ਕਿ ਬੱਚੇ ਮਾਰਨ ਦੀ ਚੀਜ਼ ਨਹੀਂ ਹਨ, ਪਿਆਰ ਕਰਨ ਦੀ ਚੀਜ਼ ਹਨ। ਮੈਨੂੰ ਉਨ੍ਹਾਂ ਨੂੰ ਪਿਆਰ ਕਰਨ ਲਈ ਲਗਾ ਦਿੱਤਾ। ਹਰ ਪਰਿਵਾਰ ਦੀ ਆਪਣੀ ਰੱਖਿਆ ਤੇ ਵਿਕਾਸ ਦੇ ਲਈ ਦੇਵ ਆਤਮਾ ਦਾ ਸੰਬੰਧ ਪਰਮ ਆਵਸ਼ਕ ਹੈ। ਇਹ ਸਭਾ ਵੀ ਬਹੁਤ ਪ੍ਰਭਾਵਸ਼ਾਲੀ ਸੀ। ਗੁਰੂ ਦਰ ਦੀ ਮਹਿੰਮਾ ਦੱਸਣ ਵਾਲੀ ਸੀ। ਅਧਿਕਾਰੀ ਆਤਮਾਵਾਂ ਦਾ ਹਿੱਤ ਕਰਨ ਵਾਲੀ ਸੀ। ਇਸਦੇ ਬਾਅਦ ਸ਼੍ਰੀ ਸੈਕ੍ਰਟਰੀ ਸਾਹਿਬ ਜੀ ਨੇ ਹਾਜ਼ਿਰ ਜਨ੍ਹਾਂ ਨੂੰ ਆਪਣੀ ਖੁਸ਼ੀ ਦਾ ਪ੍ਰਕਾਸ਼ ਕਰਦੇ ਹੋਏ ਦੱਸਿਆ ਕਿ ਸਾਡੇ ਵਿੱਚ ਮਾਨਯੋਗ ਸ਼੍ਰੀਮਾਨ ਵਿਜੇ ਕੁਮਾਰ ਜੀ ਅਗਨੀਹੋਤਰੀ (ਗੁਰੂ ਮਹਾਰਾਜ ਜੀ ਤੇ ਪੋਤੇ) ਆਪਣੀ ਧਰਮ ਪਤਨੀ ਜੀ ਨਾਲ ਪਧਾਰੇ ਹਨ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਦਰਸ਼ਨ ਕਰਕੇ ਤੇ ਉਨ੍ਹਾਂ ਦਾ ਸਨਮਾਨ ਪ੍ਰਦਸ਼ਣ ਕਰਕੇ ਆਪਣਾ ਜਰੂਰੀ ਭਲਾ ਕਰ ਲਈਏ। ਬਹੁਤ ਸਾਰੇ ਹਾਜ਼ਿਰ ਜਨਾਂ ਨੇ ਉਨ੍ਹਾਂ ਨੂੰ ਪ੍ਰਣਾਮ ਕਰਕੇ ਆਪਣਾ ਭਲਾ ਕੀਤਾ। ਸ਼ਾਮ ਦੇ Lecture ਦਾ ਪਤਾ ਦੇ ਕੇ ਇਹ ਸਭਾ ਸਮਾਪਤ ਕੀਤੀ ਗਈ।

ਪਬਲਿਕ ਲੈਕਚਰ 4 ਵਜੇ ਸ਼ਾਮ

ਵਕਤਾ :- ਪ੍ਰਿੰਸੀਪਲ ਸੁਰਜੀਤ ਬਰਾੜ

ਪ੍ਰਧਾਨ :- ਡਾ. ਵਿਨੋਦ ਜੀ ਖੇੜਾ

ਪ੍ਰਧਾਨ ਜੀ ਦੇ ਸੰਖੇਪ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਵਕਤਾ ਦੀ ਜਾਨਕਾਰੀ ਕਰਵਾਈ ਅਤੇ ਫਿਰ ਸ਼੍ਰੀਮਤੀ ਸੁਰਜੀਤ ਬਰਾੜ ਜੀ ਨੇ ਈਸ਼ਵਰ ਦਾ ਵਿਸ਼ਵਾਸ ਕਿਉਂ ਮਿੱਥਿਆ ਹੈ ਦੇ ਵਿਸ਼ੇ ਤੇ ਆਪਣਾ Lecture ਦਿੱਤਾ ਜੋ ਇਸ ਪ੍ਰਕਾਰ ਹੈ।

ਈਸ਼ਵਰ ਦਾ ਵਿਸ਼ਵਾਸ਼ ਕਿਉਂ ਮਿੱਥਿਆ ਹੈ?

ਈਸ਼ਵਰ ਵਿਸ਼ਵਾਸ਼ ਸਦੀਆਂ ਤੋਂ ਧਾਰਮਿਕ ਜਨਾਂ ਅਤੇ ਦਾਰਸ਼ਨਿਕ ਅਤੇ ਵਿਗਿਆਨਕਾਂ ਵਿੱਚ ਵਿਵਾਦ ਦਾ ਵਿਸ਼ਾ ਰਿਹਾ ਹੈ। ਇਹ ਸੁਭਾਵਕ ਹੈ ਕਿਉਂਕਿ ਈਸ਼ਵਰ ਦੀ ਉਤਪਤੀ ਉਸ ਸਮੇਂ ਹੋਈ ਜਦੋਂ ਮਨੁੱਖ ਦੀਆਂ ਮਾਨਸਿਕ ਸ਼ਕਤੀਆਂ ਇੰਨੀਆਂ ਉੱਨਤ ਹੀ ਨਹੀਂ ਸੀ। ਉਹ ਨੇਚਰ ਦੀਆਂ ਘਟਨਾਵਾਂ ਅਰਥਾਤ ਵਰਖਾ, ਭੁਚਾਲ, ਤੂਫਾਨ, ਗੜੇ, ਬਿਮਾਰੀਆਂ ਦੇ ਕੋਪ ਨੂੰ ਦੇਖਦਾ ਸੀ ਤਾਂ ਉਸਦੀ

ਕਲਪਨਾ ਵਿੱਚ ਏਹੀ ਆ ਸਕਦਾ ਸੀ ਕਿ ਇਹ ਸਭ ਮੁਸੀਬਤਾਂ ਭੇਜਣ ਵਾਲਾ ਕੋਈ ਹੈ। ਤਾਪ, ਅਗਨੀ, ਵਾਯੂ ਦੇ ਪ੍ਰਭਾਵਾਂ ਨੂੰ ਦੇਖਕੇ ਸੂਰਜ ਦੇਵਤਾ, ਇੰਦਰ ਦੇਵਤਾ ਆਦਿ ਦੇਵਤਾਵਾਂ ਦੀ ਕਲਪਨਾ ਕੀਤੀ। ਆਖਿਰ ਉਹ ਇੱਕ ਪੁਰਸ਼ ਅਰਥਾਤ ਈਸ਼ਵਰ ਨੂੰ ਹੀ ਮੁੱਖ ਰੂਪ ਤੋਂ ਸ੍ਰਿਸ਼ਟੀ ਕਰਤਾ ਮੰਨਣ ਲੱਗਾ। ਉਸਦਾ ਨਾਮ ਅੱਲ੍ਹਾ, ਵਾਹਿਗੁਰੂ ਪਰਮਾਤਮਾ ਆਦਿ ਰੱਖੇ ਗਏ। ਹੁਣ ਈਸ਼ਵਰ ਦਾ ਵਿਸ਼ਵਸ ਸੱਚ ਹੈ ਜਾਂ ਮਿੱਥਿਆਂ, ਜਾਂ ਉਸ ਸਮੇਂ ਦੇ ਅਵਿਕਿਸਤ ਦਿਮਾਗ ਦੀ ਕਲਪਣਾ ਹੈ, ਇਹ ਵਿਚਾਰਧੀਨ ਵਿਸ਼ਾ ਹੈ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਹਰੇਕ ਵਿਸ਼ੇ ਦੇ ਸੱਚ ਜਾ ਝੂਠ ਰੂਪ ਨੂੰ ਪਰਖਣ ਲਈ ਸਭ ਤੋਂ ਮਹੱਤਵਪੂਰਣ ਵਿਧੀ ਪ੍ਰੀਖਿਆ ਵਿਧੀ ਹੈ। ਈਸ਼ਵਰ ਦੇ ਅੰਦਰ ਜੋ ਗੁਣ ਦੱਸੇ ਜਾਂਦੇ ਹਨ ਕੀ ਉਹ ਕਿਸੇ ਪ੍ਰੀਖਿਆ ਵਿਧੀ ਤੇ ਖਰੇ ਉਤਰਦੇ ਹਨ?

ਸਭ ਤੋਂ ਪਹਿਲਾਂ ਈਸ਼ਵਰ ਨੂੰ ਇਸ ਬ੍ਰਹਮਾਂਡ ਦਾ ਸ੍ਰਿਸ਼ਟਾ ਦੱਸਿਆ ਗਿਆ ਹੈ। ਪਰੰਤੂ ਵਿਗਿਆਨਕ ਦ੍ਰਿਸ਼ਟੀਕੋਣ, (ਜੋ ਹੁਣ ਸਾਡੀ ਸਿੱਖਿਆ ਦਾ ਆਧਾਰ ਹੈ) ਦੇ ਅਨੁਸਾਰ ਸਾਡਾ ਸੂਰਜ ਮੰਡਲ ਜੜ੍ਹ ਅਤੇ ਸ਼ਕਤੀ ਦੇ ਨਾਲ ਬਣੇ ਹਨ ਅਤੇ ਵਿਕਾਸ ਦੀ ਕ੍ਰਿਆ ਤੋਂ ਕਿਸ ਤਰ੍ਹਾਂ ਸਾਡਾ ਸੂਰਜ ਜੋ ਅੱਗ ਦਾ ਗੋਲਾ ਸੀ ਉਸ ਤੋਂ ਗ੍ਰਹਿ ਅੱਲਗ ਹੋਏ। ਕਿਸ ਤਰ੍ਹਾਂ ਸਾਡੀ ਪ੍ਰਿਥਵੀ ਬਣੀਂ, ਇੱਕ ਸੈੱਲ ਦੇ ਜੀਵ ਫਿਰ ਬਹੁਸੈਲ ਦੇ ਜੀਵ ਅਤੇ ਬਨਸਪਤੀ ਜਗਤ ਪਸ਼ੂ ਜਗਤ ਅਤੇ ਬਾਨਰ ਦੀ ਇੱਕ ਸ਼ੇਣੀ ਤੋਂ ਮਨੁੱਖ ਵਿਕਸਿਤ ਹੋਇਆ। ਇਹ ਪ੍ਰੀਖਿਆ ਵਿਧੀ ਤੋਂ ਸਿੱਧ ਹੁੰਦਾ ਹੈ। ਇੱਥੇ ਪ੍ਰਮਾਤਮਾ ਦੀ ਕੋਈ ਹਸਤੀ ਦਿਖਾਈ ਨਹੀਂ ਦਿੰਦੀ। ਈਸ਼ਵਰ ਨੇ ਇਸ ਸ੍ਰਿਸ਼ਟੀ ਨੂੰ ਕਿਸ ਤਰ੍ਹਾਂ ਬਣਾਇਆ। ਇਹ ਭਿੰਨ ਭਿੰਨ ਗ੍ਰੰਥਾਂ ਵਿੱਚ ਇੱਕ ਤੋਂ ਵੱਧ ਕੇ ਇੱਕ ਗੱਪਾਂ ਮਾਰੀਆਂ ਗਈਆਂ ਹਨ ਜੋ ਕੇਵਲ ਸੱਚ ਨਹੀਂ ਬਲਕਿ ਹਾਸੇ ਵਾਲੀ ਗੱਲ ਹੈ। ਜੋ ਵੀ ਘਟਨਾ ਜਾਂ ਅਸਤਿਤਵ ਪ੍ਰੀਖਿਆ ਵਿਧੀ ਤੇ ਠੀਕ ਸਿੱਧ ਨਹੀਂ ਹੁੰਦਾ ਉਹ ਕੇਵਲ ਕਲਪਨਾ ਹੈ ਸੱਚ ਨਹੀਂ।

ਦੂਜਾ ਗੁਣ ਈਸ਼ਵਰ ਵਿੱਚ ਦੱਸਿਆ ਗਿਆ ਹੈ ਕਿ ਉਹ ਸਰੱਵਗ ਜਾਂ ਸਰਵਸ਼ਕਤੀ ਮਾਨ ਹੈ। ਕੀ ਪ੍ਰੀਖਿਆ ਵਿਧੀ ਨਾਲ ਇਹ ਸੱਤਿ ਸਿੱਧ ਹੁੰਦਾ ਹੈ? ਸਰਬ ਸ਼ਕਤੀਮਾਨ ਹੋ ਕੇ ਉਹ ਆਪਣੇ ਮੰਦਰ ਮਸਜਿਦ ਦੀ ਰੱਖਿਆ ਨਹੀਂ ਕਰ ਸਕਦਾ। ਵਿਦੇਸ਼ੀਆਂ ਨੇ ਆਕੇ ਮੰਦਰਾਂ ਨੂੰ ਤਹਿਸ ਨਹਿਸ ਕਰ ਦਿੱਤਾ ਅਤੇ ਈਸ਼ਵਰ ਦੇਖਦਾ ਰਿਹਾ। ਭਗਤ ਜਨ ਦਰਸ਼ਨ ਕਰਨ ਲਈ ਜਾਂਦੇ ਹਨ ਅਤੇ ਰਸਤੇ ਵਿੱਚ ਦੁਰਘਟਨਾ ਗ੍ਰਸਤ ਹੋ ਜਾਂਦੇ ਹਨ। ਕੀ ਈਸ਼ਵਰ ਉਨ੍ਹਾਂ ਦੀ ਰੱਖਿਆ ਨਹੀਂ ਕਰ ਸਕਦਾ? ਜੇਕਰ ਇਹ ਤਰਕ ਦਿੱਤਾ ਜਾਂਦਾ ਹੈ ਕਿ ਪਿਛਲੇ ਜਨਮ ਵਿੱਚ ਉਨ੍ਹਾਂ ਦੇ ਪਾਪ ਕਰਮ ਕੀਤੇ ਸੀ, ਤਾਂ ਪਿਛਲੇ ਜਨਮ ਵਿੱਚ ਉਨ੍ਹਾਂ ਤੋਂ ਪਾਪ ਕਰਵਾਉਣ ਵਾਲਾ ਕੌਣ ਸੀ? ਪਾਪੀ ਜਨਾਂ ਨੂੰ ਉਹ ਪੈਦਾ ਹੀ ਕਿਉਂ ਕਰਦਾ ਹੈ? ਅੱਜ ਜੋ ਪਾਪ ਦਾ ਰਾਜ ਫੈਲਿਆ ਹੋਇਆ ਹੈ, ਉਹ ਫੈਲਾ ਰਿਹਾ ਹੈ ਅਤੇ ਫਿਰ ਉਹੀ ਸਜਾ ਦੇਂਵੇਗਾ? ਕੀ ਕੋਈ ਮਾਤਾ ਪਿਤਾ ਇਹ ਚਾਹੁੰਦਾ ਹੈ ਕਿ ਉਹ ਪਾਪੀ ਸੰਤਾਨ ਨੂੰ ਜਨਮ ਦੇਣ। ਈਰਾਕ ਵਿੱਚ ਮੁਸਲਮਾਨਾਂ ਨੂੰ ਬਚਾਉਣ ਲਈ ਕਿਉਂ ਨਹੀਂ ਆਉਂਦਾ? ਸਾਡੇ ਮੰਦਿਰ, ਗੁਰਦੁਆਰੇ ਵਿੱਚ ਬਲਾਤਕਾਰ ਤੱਕ ਦੇ ਅਪਰਾਧ ਹੋ ਜਾਂਦੇ ਹਨ ਉਨ੍ਹਾਂ ਮਾਸੂਮ ਬੱਚੀਆਂ ਦੀ ਰੱਖਿਆ ਕਿਉਂ ਨਹੀਂ ਕਰਦਾ?

ਸੁਆਮੀ ਵਿਵੇਕਾਨੰਦ ਜੀ ਨੇ ਕਿਹਾ ਸੀ ਕਿ "ਬੱਦਲਾਂ ਦੇ ਉਸ ਪਾਰ ਤੋਂ ਸਾਡੀ ਕੋਈ ਰੱਖਿਆ ਕਰਨ ਨਹੀਂ ਆਵੇਗਾ" ਅਸੀਂ ਉੱਪਰ ਵਾਲੇ ਦੀ ਦੁਹਾਈ ਦਿੰਦੇ ਰਹਿੰਦੇ ਹਾਂ ਮੰਦਿਰਾਂ ਵਿੱਚ ਲੱਖਾਂ ਕਰੋੜਾਂ ਰੁਪੈ ਦੇ ਚੜ੍ਹਾਵੇ ਚੜ੍ਹਦੇ ਹਨ ਉਹ ਚੜ੍ਹਾਵੇ ਨਾ ਲੈਕੇ ਈਸ਼ਵਰ ਕਿਉਂ ਨਹੀਂ ਪਰੋਹਿੱਤਾਂ ਨੂੰ ਮਜਬੂਰ ਕਰਦਾ ਕਿ ਉਹ ਪੈਸਾ ਗਰੀਬ ਜਨਤਾ ਤੇ ਲੱਗੇ? ਸਾਡੇ ਅੰਧਵਿਸ਼ਵਾਸ ਅਤੇ ਕਾਇਰਤਾ ਨੇ ਕਿ ਈਸ਼ਵਰ ਨਾਰਾਜ ਨਾ ਹੋ ਜਾਏ ਸਾਨੂੰ ਤਰਕ ਵਿਤਰਕ ਦੇ ਕਾਬਲ ਹੀ ਨਹੀਂ ਛੱਡਿਆ।

ਅਗਲਾ ਗੁਣ ਗਾਉਂਦੇ ਹੋਏ ਅਸੀਂ ਨਹੀਂ ਥੱਕਦੇ ਕਿ ਈਸ਼ਵਰ ਦਯਾਵਾਨ ਹੈ। ਕਿਰਸਾਨ ਕਰੜੀ ਮਿਹਨਤ ਕਰਕੇ ਖੇਤੀ ਕਰਦੇ ਹਨ, ਟਿੱਡੀ ਦਲ ਭੇਜਕੇ, ਫਸਲਾਂ ਤਬਾਹ ਕਰਕੇ ਕਿਹੜੀ ਦਯਾਲੁਤਾ ਤੋਂ ਪਰੀਚਿਤ ਕਰਵਾਉਂਦਾ ਹੈ। ਯੁੱਧ, ਮਹਾਂਮਾਰੀਆਂ, ਭਿਆਨਕ ਤੂਫਾਨ, ਭੂਚਾਲ, ਹਿੰਸਕ ਜਾਨਵਰਾਂ ਦੁਆਰਾ ਡਰ, ਇਹ ਸਭ ਕਰਕੇ ਉਹ ਦਿਆਲੂ ਦੀ ਉਪਾਧੀ ਧਾਰਨ ਕਰਕੇ ਬੈਠਾ ਹੈ ਅਤੇ ਅੰਨ੍ਹੇ ਭਗਤ ਉਸਨੂੰ ਪਰਮ ਦਿਆਲੂ ਕਹਿਕੇ ਸਭ ਕੁੱਝ ਆਪਣੀ ਕਿਸਮਤ ਤੇ ਛੱਡ ਦਿੰਦੇ ਹਨ। ਬਹੁਤ ਸਾਲ ਪਹਿਲਾਂ ਮਦਰਾਸ ਵਿੱਚ ਇੱਕ ਰੇਲ ਦੁਰਘਟਨਾ ਹੋਈ ਸੀ। ਕਾਰਨ ਲੱਭਣ ਲਈ ਇੱਕ ਕਮਿਸ਼ਨ ਬਿਠਾਇਆ ਗਿਆ ਪਰੰਤੂ ਰਿਪੋਰਟ ਦੇ ਅਨੁਸਾਰ ਉਸਦੀ

ਜਿੰਮੇਵਾਰ ਭਿਆਨਕ ਤੇਜ ਹਵਾ ਸੀ ਤਾਂ ਇਸ ਕੇਸ ਨੂੰ Act of God ਕਹਿਕੇ ਬੰਦ ਕਰ ਦਿੱਤਾ ਗਿਆ ਕਿਉਂਕਿ ਈਸ਼ਵਰ ਨੂੰ ਨਾ ਅਸੀਂ ਵਾਰੰਟ ਭੇਜ ਸਕਦੇ ਹਾਂ ਅਤੇ ਨਾ ਹੀ ਸਜਾ ਦੇ ਸਕਦੇ ਹਾਂ ਜੋ ਭਿਆਨਕ ਲੀਲਾ ਈਸ਼ਵਰ ਦਿਖਾਉਂਦਾ ਹੈ ਜੇਕਰ ਕੋਈ ਮਨੁੱਖ ਉਸ ਦਾ ਕੁੱਝ ਹਿੱਸਾ ਵੀ ਕਰੇ ਅਤੇ ਪਕੜਿਆ ਜਾਵੇ ਤਾਂ ਸਲਾਖਾਂ ਦੇ ਅੰਦਰ ਹੋਵੇ।

ਸਾਨੂੰ ਈਸ਼ਵਰ ਨਾਲ ਕੋਈ ਦੁਸ਼ਮਣੀ ਨਹੀਂ, ਪਰੰਤੂ ਇਸ ਅੰਧਵਿਸ਼ਵਾਸ ਨੇ ਜਿਤਨੀ ਹਾਨੀ ਕੀਤੀ ਹੈ ਉਸਨੂੰ ਸਾਹਮਣੇ ਲਿਆਕੇ ਰੌਂਗਟੇ ਖੜੇ ਹੋ ਜਾਂਦੇ ਹਨ। ਸਚਾਈ ਦੀਆਂ ਬਰਕਤਾਂ ਅਤੇ ਮਿੱਥਿਆ ਵਿਸ਼ਵਾਸ਼ਾਂ ਦੀਆਂ ਮਹਾਂਹਾਨੀਆਂ ਹਨ।

ਸਭ ਤੋਂ ਪਹਿਲਾਂ ਈਸ਼ਵਰ ਵਿਸ਼ਵਾਸ਼ੀਆਂ ਦੇ ਕਾਰਨ ਵਿਗਿਆਨ ਦੇ ਵਿਕਾਸ ਦੀ ਗਤੀ ਹੀ ਮੰਦ ਨਹੀਂ ਪਈ ਬਲਕਿ ਸਚਾਈ ਦੀ ਖੋਜ ਕਰਨ ਵਾਲੇ ਵਿਗਿਆਨਕਾਂ ਦੇ ਉੱਪਰ ਭਿਆਨਕ ਅਤਿਆਚਾਰ ਕੀਤੇ ਗਏ, ਉਨ੍ਹਾਂ ਨੂੰ ਜਿੰਦਾ ਜਲਾ ਦਿੱਤਾ ਗਿਆ। ਜੇਲਾਂ ਵਿੱਚ ਰੱਖਿਆ ਗਿਆ। ਗਲੈਲੀਓ ਦੇ ਨਾਲ ਕਿਤਨਾ ਨਿਰਦੈਤਾਪੂਰਨ ਵਿਵਹਾਰ ਕੀਤਾ ਗਿਆ। ਕੋਪਰ ਨੀਕਸ ਨੇ ਜਦੋਂ ਇਹ ਖੋਜ ਲਿਆ ਕਿ ਪ੍ਰਿਥਵੀ ਸੂਰਜ ਦੇ ਇਰਦ ਗਿਰਦ ਘੁੰਮਦੀ ਹੈ ਤਾਂ ਡਰਦੇ ਮਾਰੇ ਉਸਨੇ ਆਪਣੀ ਕਿਤਾਬ ਲੇਟਿਨ ਭਾਸ਼ਾ ਵਿੱਚ ਲਿਖੀ, ਕਿਉਂਕਿ ਈਸ਼ਵਰ ਵਿਸ਼ਵਾਸ਼ੀਆਂ ਦੇ ਅਨੁਸਾਰ ਈਸ਼ਵਰ ਰਚਿਤ ਗ੍ਰੰਥਾਂ ਵਿੱਚ ਲਿਖਿਆ ਸੀ ਕਿ ਸੂਰਜ ਪ੍ਰਿਥਵੀ ਦੇ ਆਲੇ ਦੁਆਲੇ ਘੁੰਮਦਾ ਹੈ। ਪਰੰਤੂ ਇੱਕ ਕੈਥੋਲਿਕ ਪਾਦਰੀ ਜਊਦਾਰਨੋ ਬਰੂਨੋ ਨੂੰ ਭਾਸ਼ਾ ਆਉਂਦੀ ਸੀ ਉਸਨੇ ਇਹ ਪੁਸਤਕ ਪੜ੍ਹੀ। ਜਿਗਆਸੂ ਨਵਯੁਵਕ ਦੀ ਉਤਸੁਕਤਾ ਵਧੀ। ਜਦੋਂ ਈਸਾਈ ਪਾਦਰੀਆਂ ਨੂੰ ਪਤਾ ਲੱਗਾ ਤਾਂ ਉਸਦੀ ਵਿਰੋਧਤਾ ਸ਼ੁਰੂ ਹੋ ਗਈ ਉਹ ਸਿਵਟਜ਼ਰਲੈਂਡ ਚਲਾ ਗਿਆ। ਉੱਥੇ ਉਹ ਇਸ ਤੇ ਅਧਿਐਨ ਕਰਦਾ ਰਿਹਾ। ਇਨ੍ਹਾਂ ਈਸ਼ਵਰ ਭਗਤਾਂ ਨੇ ਉਸਨੂੰ ਉੱਥੇ ਵੀ ਨਾ ਛੱਡਿਆ। ਉਸਨੂੰ ਧੋਖੇ ਨਾਲ ਇਟਲੀ ਬੁਲਾ ਲਿਆ ਤੇ ਜੇਲ੍ਹ ਵਿੱਚ ਸੁੱਟ ਦਿੱਤਾ। 8 ਸਾਲ ਜੇਲ੍ਹ ਦੀਆਂ ਤਕਲੀਫਾਂ ਸਹਿੰਦਾ ਰਿਹਾ ਅਤੇ ਉਸਨੂੰ ਈਸ਼ਵਰ ਰਚਿਤ ਪੁਸਤਕਾਂ ਤੇ ਵਿਸ਼ਵਾਸ਼ ਰੱਖਣ ਲਈ ਮਜਬੂਰ ਕਰਦੇ ਰਹੇ। ਆਖਿਰ ਧਰਮ ਦੇ ਠੇਕੇਦਾਰਾਂ ਨੇ ਈਸ਼ਵਰ ਦੇ ਨਾਂ ਤੇ ਉਸ ਨੂੰ ਬਿਨਾਂ ਖੂਨ ਵਹਾਏ ਮੌਤ ਦੀ ਸਜਾ ਸੁਣਾ ਦਿੱਤੀ। ਉਸਦੀ ਜੁਬਾਨ ਕੱਟ ਦਿੱਤੀ ਗਈ। ਈਸ਼ਵਰ ਵਿਸ਼ਵਾਸੀਆਂ ਨੇ ਉਸ ਨੂੰ ਗਲੀਆਂ ਵਿਚੋਂ ਗੁਜਾਰਿਆਂ ਅਤੇ ਅੰਤ ਵਿੱਚ ਜਿੰਦਾ ਜਲਾ ਦਿੱਤਾ ਗਿਆ ਅਤੇ ਐਸੇ ਭਿਆਨਕ ਪਾਪ ਕਰਕੇ ਉਨ੍ਹਾਂ ਨੇ ਅੱਤਿਆਚਾਰੀ ਪਰਮਾਤਮਾ ਨੂੰ ਖੁਸ਼ ਕੀਤਾ। ਹੁਣ 1889 ਈ. ਵਿੱਚ ਉਸਦਾ ਸਮਾਰਕ ਬਣਾਇਆ ਗਿਆ ਅਤੇ ਉਸਨੂੰ ਸ਼ਰਧਾਂਜਲੀ ਭੇਂਟ ਕਰਨ ਦੇ ਲਈ ਲੋਕ ਆਉਂਦੇ ਹਨ। ਉਹੀ ਸਿੱਖਿਆ ਪਾਦਰੀ ਲੋਕ ਵੀ ਆਪਣੇ ਬੱਚਿਆਂ ਨੂੰ ਦਿਵਾਉਂਦੇ ਹਨ ਪਰੰਤੂ ਚਰਚ ਵਿੱਚ ਜਾਕੇ ਫਿਰ ਮਿੱਥਿਆ ਦਾ ਪ੍ਰਚਾਰ ਕਰਦੇ ਹਨ। ਕੈਸੀ ਵਿਡੰਬਨਾਂ! ਕੈਸੀ ਕਾਇਰਤਾ ਹੈ!! ਸੈਂਕੜੇਂ ਵਿਗਿਆਨਕਾਂ ਨੇ ਆਪਣੀਆਂ ਜਾਨਾਂ ਦੇ ਦਿੱਤੀਆਂ ਤਾਂ ਕਿਤੇ ਜਾਕੇ ਇਸ ਸੰਸਾਰ ਨੂੰ ਸੱਤਿ ਦੀ ਰੋਸ਼ਨੀ ਦਿੱਤੀ। ਈਸ਼ਵਰ ਵਿਸ਼ਵਾਸ ਨੇ ਦਵੇਸ਼ ਨੂੰ ਜਨਮ ਦਿੱਤਾ। ਕਹਿਣ ਨੂੰ ਤਾਂ ਅਸੀਂ ਕਹਿੰਦੇ ਹਾਂ ਕਿ ਪ੍ਰਮਾਤਮਾ ਇੱਕ ਹੈ ਪਰੰਤੂ ਪ੍ਰਮਾਤਮਾ ਦੇ ਨਾਂ ਤੇ ਭਿੰਨ ਭਿੰਨ ਸਿੱਖਿਆਵਾਂ ਨੇ ਇਨਸਾਨਾਂ ਨੂੰ ਇੱਕ ਦੂਜੇ ਦਾ ਦੁਸ਼ਮਣ ਬਣਾ ਦਿੱਤਾ ਹੈ। ਇਹ ਰੋਜਾਨਾਂ ਦੇ ਸੰਪ੍ਰਦਾਇਕ ਦੰਗੇ ਇਸਦਾ ਉਦਾਹਰਣ ਹਨ। ਰਾਜਨੀਤਿਕ ਨੇਤਾ ਜਿਸ ਪ੍ਰਕਾਰ ਮਨੁੱਖ ਦੀ ਇਸ ਕਮਜ਼ੋਰੀ ਦਾ ਲਾਭ ਉਠਾਉਂਦੇ ਹਨ ਉਹ ਵੀ ਕੋਈ ਭੁੱਲਿਆ ਨਹੀਂ।

ਮੁਸਲਮਾਨਾਂ ਦੇ ਖੁਦਾ ਨੇ ਜਹਾਦ ਦੀ ਇਹ ਸਿੱਖਿਆ ਦੇ ਕੇ ਕਿ ਆਪਣੇ ਤੋਂ ਵਿਰੁਧ ਮਤ-ਰੱਖਣ ਵਾਲਿਆਂ ਨੂੰ ਮੌਤ ਦੇ ਘਾਟ ਉਤਾਰ ਦਿਉ, ਅੱਤਿਆਚਾਰ ਦੀਆਂ ਸੀਮਾਵਾਂ ਪਾਰ ਕਰ ਦਿੱਤੀਆਂ ਹਨ। ਇਸ ਸਿੱਖਿਆ ਦਾ ਪ੍ਰਭਾਵ ਅਸੀਂ ਹੁਣ ਵੀ ਦੇਖ ਰਹੇ ਹਾਂ। ਦਵੇਸ਼ ਭਾਵਨਾ ਨੂੰ ਈਸ਼ਵਰ ਵਿਸ਼ਵਾਸ ਨੇ ਕੁੱਟ ਕੁੱਟ ਕੇ ਆਪਣੇ ਵਿਸ਼ਵਾਸ਼ੀਆਂ ਵਿੱਚ ਭਰ ਦਿੱਤਾ ਹੈ।

ਚਾਰ ਚਾਰ ਸ਼ਾਦੀਆਂ ਦੀ ਸਿੱਖਿਆ ਦੇ ਕੇ ਔਰਤਾਂ ਤੇ ਜੋ ਜੁਲਮ ਢਾਹਿਆ ਹੈ, ਉਸਨੂੰ ਕੌਣ ਨਹੀਂ ਜਾਣਦਾ, ਕਿਉਂਕਿ ਈਸ਼ਵਰ ਵੀ ਮਰਦ ਹੈ, ਇਸਲਈ ਉਸਨੇ ਆਦਮੀਆਂ ਦੀਆਂ ਚਾਰ ਸ਼ਾਦੀਆਂ ਅਤੇ ਆਪਣੇ ਪਰਮ ਭਗਤਾਂ ਨੂੰ ਸਵਰਗ ਵਿੱਚ 70-70 ਹੂਰਾਂ ਦੇਣ ਦਾ ਅਸ਼ਵਾਸ਼ਨ ਦਿੱਤਾ ਹੈ।

ਪਸ਼ੂਆਂ ਤੇ ਈਸ਼ਵਰ ਦੇ ਨਾਂ ਤੇ ਅਤਿਆਚਾਰ ਹੁੰਦੇ ਹਨ, ਕੀ ਪਸ਼ੂ ਈਸ਼ਵਰ ਨੇ ਪੈਦਾ ਨਹੀਂ ਕੀਤੇ? ਪਰੰਤੂ ਸੁਆਰਥੀ ਮਨੁੱਖ ਨੇ ਇਹ ਕਹਿਕੇ ਉਸ ਉੱਤੇ ਜੁਲਮ

ਕੀਤੇ ਕਿ ਈਸ਼ਵਰ ਨੇ ਸਾਡੇ ਖਾਣ ਲਈ ਇਨ੍ਹਾਂ ਨੂੰ ਪੈਦਾ ਕੀਤਾ ਹੈ। ਜੇਕਰ ਇਹ ਮੂਕ ਜਾਨਵਰ ਬੋਲ ਸਕਦਾ ਅਤੇ ਕਿਤਾਬਾਂ ਲਿਖ ਸਕਦਾ ਤਾਂ ਉਹ ਵੀ ਲਿਖ ਦਿੰਦਾ ਕਿ ਇਨਸਾਨ ਸਾਡੇ ਖਾਣ ਲਈ ਹੀ ਪੈਦਾ ਕੀਤੇ ਗਏ ਹਨ।

ਵੇਦਾਂ ਆਦਿ ਵਿੱਚ ਵੀ ਐਸੀ ਸਿੱਖਿਆ ਮਿਲਦੀ ਹੈ ਕਿ ਵੇਦਾਂ ਨੂੰ ਨਾ ਮੰਨਣ ਵਾਲਾ ਮਰ ਜਾਵੇ, ਦੁਸ਼ਮਣਾਂ ਨੂੰ ਮਾਰਨ ਵਾਲੇ ਵਿਸ਼ੇਸ਼ ਮੰਤਰ ਦਿੱਤੇ ਗਏ ਹਨ।

ਕਈ ਪ੍ਰਕਾਰ ਦੀ ਵਿਭਚਾਰ ਦੀ ਸਿੱਖਿਆ ਸਾਡੇ ਈਸ਼ਵਰ ਰਚਿਤ ਗ੍ਰੰਥਾਂ ਵਿੱਚ ਮਿਲਦੀ ਹੈ ਕਿਉਂਕਿ ਉਸ ਸਮੇਂ ਦੇ ਅਨੁਸਾਰ ਨੈਤਿਕਤਾ ਦੇ ਕੋਈ ਸਮਾਜਿਕ ਨਿਯਮ ਹੀ ਨਹੀਂ ਸੀ।

ਅਕਬਰ ਨੇ ਮਹਾਂਭਾਰਤ ਦਾ ਫਾਰਸੀ ਅਨੁਵਾਦ ਕਰਨ ਦੇ ਲਈ ਕਿਸੇ ਵਿਦਵਾਨ ਨੂੰ ਨਿਯੁੱਕਤ ਕੀਤਾ ਅਤੇ ਇੱਕ ਦਿਨ ਉਸ ਤੋਂ ਪੁੱਛਿਆ ਕਿ ਕੰਮ ਕਿਵੇਂ ਚਲ ਰਿਹਾ ਹੈ ਤਾਂ ਉਸਦਾ ਜਵਾਬ ਸੀ, "ਜਹਾਂ ਪਨਾਹ! ਵੈਸੇ ਤਾਂ ਸਭ ਠੀਕ ਹੈ, ਪਰੰਤੂ ਇਸ ਗ੍ਰੰਥ ਵਿੱਚ ਲਿਖਿਤ ਇੱਕ ਵੀ ਵਿਅਕਤੀ ਹਲਾਲਜ਼ਾਦਾ ਨਹੀਂ (ਵੈਧ ਸੰਤਾਨ) ਇਹ ਸਭ ਐਸੇ ਹੀ ਪੈਦਾ ਹੋ ਗਏ।" ਕੋਈ ਹਵਾ ਦਾ ਪੁੱਤਰ, ਕੋਈ ਸੂਰਜ ਦਾ ਪੁੱਤਰ, ਨਜਾਇਜ ਸੰਬੰਧਾਂ ਨੂੰ ਢੱਕਣ ਦਾ ਇੱਕ ਢੰਗ ਸੀ। ਪਰੰਤੂ ਸਾਡੀ ਬਦਕਿਸਮਤੀ ਇਹ ਹੈ ਕਿ ਉਨ੍ਹਾਂ ਗ੍ਰੰਥਾਂ ਦਾ ਕਿਹੜਾ ਅਧਿਐਨ ਕਰਦੇ ਹਾਂ, ਪੰਡਤ, ਮੌਲਵੀ ਜੋ ਦੱਸਦੇ ਹਨ, ਸੁਣਦੇ ਹਾਂ। ਈਸ਼ਵਰ ਰਚਿਤ ਗ੍ਰੰਥ ਅਸ਼ਲੀਲਤਾ ਨਾਲ ਭਰੇ ਪਏ ਹਨ।

ਸਾਡਾ ਤਾਂ ਤਰਕ ਇਹ ਹੈ ਕਿ ਜੇਕਰ ਦੁਰਘਟਨਾ ਵਿੱਚ 15 ਆਦਮੀ ਮਰ ਜਾਂਦੇ ਹਨ ਅਤੇ 5 ਬੱਚ ਜਾਂਦੇ ਹਨ ਤਾਂ ਅਸੀਂ ਕਹਾਂਗੇ ਕਿ ਈਸ਼ਵਰ ਦੀ ਕ੍ਰਿਪਾ ਨਾਲ 5 ਆਦਮੀ ਬਚ ਗਏ ਅਤੇ ਇਹ ਕੋਈ ਨਹੀਂ ਕਹਿੰਦਾ ਕਿ ਈਸ਼ਵਰ ਨੇ 15 ਆਦਮੀਆਂ ਨੂੰ ਮਾਰ ਦਿੱਤਾ। ਜਨਮ ਦੇਣ ਵਾਲਾ ਵੀ ਉਹੀ ਪਾਪ ਕਰਾਉਣ ਵਾਲਾ ਵੀ ਉਹੀ, ਮਾਰਣ ਵਾਲਾ ਵੀ ਉਹੀ, ਕੀ ਮਜਾਕ ਹੈ!

ਇੱਕ ਹੋਰ ਭਿਅੰਕਰ ਸਿੱਖਿਆ ਦੇ ਕੇ "ਕਿ ਈਸ਼ਵਰ ਦਾ ਨਾਮ ਜਪਣ ਵਾਲੇ ਦੇ ਸਾਰੇ ਗੁਨਾਹ ਮੁਆਫ ਹੋ ਜਾਂਦੇ ਹਨ" ਦੁਨੀਆਂ ਨੂੰ ਪਾਪ ਕਰਨ ਦਾ Licence ਦੇ ਦਿੱਤਾ ਹੈ। ਲੇਕਿਨ ਕੀ ਅੱਜ ਦਾ ਕਾਨੂੰਨ ਗੁਨਾਹਗਾਰ ਨੂੰ ਮੁਆਫ ਕਰੇਗਾ। ਗੁਨਾਹ ਤਾਂ ਕਿਸੀ ਵਿਅਕਤੀ ਵਿਸ਼ੇਸ਼ ਦੇ ਸੰਬੰਧ ਵਿੰਚ ਹੁੰਦਾ ਹੈ ਤਾਂ ਈਸ਼ਵਰ ਇਨ੍ਹਾਂ ਚਾਪਲੂਸੀ ਪਸੰਦ ਹੈ ਕਿ ਉਸਦਾ ਨਾਮ ਲਿਆ ਨਹੀਂ ਕਿ ਗੁਨਾਹਗਾਰ ਦੇ ਗੁਨਾਹ ਪਾਕ ਸਾਫ ਹੋ ਗਏ। ਕਿਤਨੀ ਘਟੀਆ ਸਿੱਖਿਆ ਹੈ। ਅਜਿਹੇ ਪ੍ਰਮਾਤਮਾ ਨੂੰ ਮੰਨਣਾ ਜੇਕਰ ਆਸਿਤਕਤਾ ਹੈ ਤਾਂ ਮੈਨੂੰ ਆਪਣੇ ਨਾਸਤਿਕ ਹੋਣ ਤੇ ਮਾਣ ਹੈ।

ਦੇਵ ਧਰਮ ਦੇ ਬਾਨੀ ਦੇਵ ਆਤਮਾ ਵੀ ਈਸ਼ਵਰ ਦੇ ਪੱਕੇ ਭਗਤ ਸੀ। ਈਸ਼ਵਰ ਉਪਾਸਨਾ ਜਿਸ ਗਹਿਰਾਈ ਨਾਲ ਉਹ ਕਰਦੇ ਸਨ ਆਮ ਇਨਸਾਨ ਇਤਨੀ ਭਗਤੀ ਵੀ ਨਹੀ ਕਰ ਸਕਦਾ ਸੀ ਪਰੰਤੂ 1890-94 ਵਿੱਚ ਜਦੋਂ ਵਿਗਿਆਨ ਮੂਲਕ ਪੁਸਤਕਾਂ ਪੜੀਆਂ ਵਿਸ਼ੇਸ਼ ਰੂਪ ਤੇ ਡਾਰਵਿਨ ਦੀ ਵਿਕਾਸ ਦੀ ਫਿਲਾਸਫੀ ਨੇ ਉਨ੍ਹਾਂ ਨੂੰ ਹਿਲਾ ਦਿੱਤਾ ਉਨ੍ਹਾਂ ਦੀ ਜਗਿਆਸਾ ਹੋਰ ਵੱਧਦੀ ਗਈ। ਵਿਗਿਆਨ ਦੀ ਰੋਸ਼ਨੀ ਵਿੱਚ ਉਨ੍ਹਾਂ ਨੂੰ ਈਸ਼ਵਰ ਦੇ ਅਸਿਤਤਵ ਤੇ ਸੰਦੇਹ ਹੋਣ ਲੱਗਾ। ਮਨੁੱਖ ਦਾ ਜਨਮ ਵਿਕਾਸ ਕ੍ਰਮ ਵਿੱਚ ਹੋਇਆ ਹੈ। ਬਾਨਰ ਜਾਤੀ ਤੋਂ ਹੌਲੀ ਹੌਲੀ ਉਹ ਵਿਕਸਿਤ ਹੋਏ ਹਨ ਇਹ ਐਸੀ ਸਚਾਈ ਸੀ ਜੋਂ ਉਨ੍ਹਾਂ ਦੀ ਖੋਜ ਦਾ ਆਧਾਰ ਬਣ ਗਈ। ਬੇਸ਼ੱਕ ਈਸ਼ਵਰ ਦਾ ਰੂਪ ਸਮਝਣ ਵਾਲੇ ਮਨੁੱਖ ਦਾ ਹੰਕਾਰ ਕਿ ਉਸਦੇ ਪੂਰਵਜ ਬਾਨਰ ਹਨ ਉਸ ਨੂੰ ਇਹ ਸਵੀਕਾਰ ਨਾ ਕਰਨ ਦੇਵੇ, ਪਰੰਤੂ ਸਚਾਈ ਨੂੰ ਮਿੱਥਿਆ ਅਹੰਕਾਰ ਨਾਲ ਢਕਿਆ ਨਹੀਂ ਜਾ ਸਕਦਾ।

ਜਿਉਂ ਜਿਉਂ ਦੇਵ ਆਤਮਾ ਵਿਗਿਆਨ ਦੀਆਂ ਸਚਾਈਆਂ ਨੂੰ ਜਾਣਦੇ ਗਏ ਉਨ੍ਹਾਂ ਦਾ ਈਸ਼ਵਰ ਵਿਸ਼ਵਾਸ ਘੱਟਦਾ ਗਿਆ। ਉਸ ਸਮੇਂ ਐਸਾ ਕਠਿਨ ਸਮਾਂ ਸੀ ਕਿ ਪਹਿਲੇ ਹੀ ਉਨ੍ਹਾਂ ਦੀ ਸਿੱਖਿਆ ਦੀ ਨਵੀਂ ਵਿਚਾਰਧਾਰਾ ਦੇ ਕਾਰਨ ਉਨ੍ਹਾਂ ਦੀ ਘੋਰ ਵਿਰੋਧਤਾ ਹੋ ਰਹੀ ਸੀ, ਈਸ਼ਵਰ ਵਿਸ਼ਵਾਸ ਦੇ ਛੱਡਣ ਤੇ ਇੱਕ ਹੋਰ ਤੋਪ ਉਨ੍ਹਾਂ ਦੇ ਵਿਰੋਧੀਆਂ ਨੂੰ ਮਿਲ ਜਾਣੀ ਸੀ, ਪਰੰਤੂ ਉਨ੍ਹਾਂ ਦਾ ਦਿਲ ਸੱਤਿ ਅਨੁਰਾਗੀ ਦਾ ਹਿਰਦਾ ਸੀ। ਸਚਾਈ ਨੂੰ ਜਾਣਕੇ, ਉਹ ਆਪਣੇ ਕਿਸੇ ਲਾਭ ਵਾ ਡਰਦੇ ਕਾਰਨ ਕਿਸੇ ਪ੍ਰਕਾਰ ਦੀ ਮਿੱਥਿਆ ਦਾ ਸਾਥ ਨਹੀਂ ਕੇ ਸਕਦੇ ਸੀ। ਆਖਿਰ ਬਹੁਤ ਸੰਘਰਸ਼ ਦੇ ਬਾਅਦ ਉਨ੍ਹਾਂ ਨੇ ਈਸ਼ਵਰ ਦੇ ਅਸਿਸੱਤਵ ਨੂੰ ਵਿਗਿਆਨ ਦੀ ਕਸੋਟੀ ਤੇ ਮਿੱਥਿਆ ਜਾਣਕੇ ਸਦਾ ਦੇ ਲਈ ਤਿਆਗ ਦਿੱਤਾ। ਉਹ ਪੂਰਨ

ਰੂਪ ਤੋਂ ਈਸ਼ਵਰਵਾਦੀ ਨਾ ਹੋਕੇ ਵਿਕਾਸਵਾਦੀ ਅਤੇ ਵਿਸ਼ਵਵਾਦੀ ਬਣ ਗਏ। ਨੇਚਰ ਦੇ ਨਿਯਮਾਂ ਤੇ ਆਧਾਰਿਤ ਵਿਗਿਆਨ ਮੂਲਕ ਅਧਿਆਤਮਕ ਸਿੱਖਿਆ ਦੀ ਨੀਂਹ ਰੱਖੀ ਅਤੇ ਇਹ ਵੀ ਐਲਾਨ ਕਰ ਦਿੱਤਾ ਕਿ ਮੇਰੀ ਕੋਈ ਸਿੱਖਿਆ ਕਦੇ ਵੀ ਵਿਗਿਆਨ ਦੇ ਵਿਰੁੱਧ ਹੋਵੇ ਤਾ ਉਹ ਵੀ ਛੱਡਣ ਦੇ ਯੋਗ ਹੈ।

ਮਹਾਂ ਉਸਤਵ ਦਾ ਵਿਸ਼ੇਸ਼ ਸ਼ੁਭ ਜਨਮਦਿਨ

ਕੀਰਤਨ :- ਸਵੇਰੇ 6:30 ਵਜੇ ਅੱਜ ਮਹਾਂਉਤਸਵ ਦਾ ਵਿਸ਼ੇਸ਼ ਦਿਨ ਸੀ। ਸਾਰੇ ਯਾਤਰੀ ਖੁਸ਼ੀਆਂ ਨਾਲ ਭਰੇ ਹੋਏ ਸਨ। ਸਵੇਰੇ ਸਵੇਰੇ ਚਾਰ ਵਜੇ ਤੋਂ ਹੀ ਗਰਮ ਪਾਣੀ ਲੈ ਲੈ ਕੇ ਇਸ਼ਨਾਨ ਕਰ ਰਹੇ ਸਨ। ਨਵੀਆਂ ਪੁਸ਼ਾਕਾਂ ਪਹਿਨੀਆਂ ਜਾ ਰਹੀਆਂ ਸਨ। ਇੱਕ ਦੂਸਰੇ ਨੂੰ ਮਿਲਦੇ ਸਮੇਂ ਸ਼ੁਭ ਜਨਮ ਦੀ ਮੁਬਾਰਕ ਦੇ ਰਹੇ ਸਨ। ਤਿਆਰ ਹੋ ਹੋ ਕੇ ਮਹਾਰਾਜ ਦੇ ਅਰਚਨਾਂ ਦੇ ਲਈ ਆਪਣੀ ਆਪਣੀ ਫੁੱਲ ਮਾਲਾਵਾਂ ਲੈ ਰਹੇ ਸੀ ਅਤੇ ਖੁਲ੍ਹੇ ਮੈਦਾਨ ਵਿੱਚ ਕੀਰਤਨ ਵਿੱਚ ਸ਼ਾਮਲ ਹੋ ਰਹੇ ਸੀ। ਕੇਸੂਪੁਰਾ ਤੇ ਮੱਲੇਕਾ ਵਾਲੇ ਸਾਥੀਆਂ ਨੇ ਖੂਬ ਪਾਕ ਜੋਸ਼ ਨਾਲ ਭਰਕੇ ਮਹਿਮਾ ਵਿਸ਼ੇਕ ਭਜਨ ਗਾਏ। ਲਗਭਗ ਘੰਟਾ ਭਰ ਸੈਕੜੇਂ ਯਾਤਰੀ ਕੀਰਤਨ ਵਿੱਚ ਸ਼ਾਮਲ ਹੋਕੇ ਲਾਭ ਉਠਾਉਂਦੇ ਰਹੇ ਅਤੇ ਗੀਤ ਗਾਉਂਦੇ ਰਹੇ। ਸਭ ਦੇ ਦਿਲ ਖੁਸ਼ੀਆਂ ਦੇ ਨਾਲ ਭਰੇ ਹੋਏ ਸੀ ਅਤੇ ਝੂਮ ਰਹੇ ਸੀ। ਸੂਰਜ ਦੀ ਪਹਿਲੀ ਕਿਰਨ ਦੇ ਨਾਲ ਘੰਟਾ ਵੱਜਣ ਦੇ ਨਾਲ ਪਰਮ ਪੂਜਨੀਕ ਭਗਵਾਨ ਦੀ ਜੈ ਦੇ ਨਾਰੇ ਬੁਲੰਦ ਹੋਏ ਤੇ ਉਸਦੇ ਬਾਅਦ "ਪ੍ਰਗਟੇ ਦੇਵਗੁਰੂ ਭਗਵਾਨ" ਵਾਲਾ ਭਜਨ ਸਭ ਨੇ ਜੋਸ਼ ਨਾਲ ਗਾਇਆ। ਸਭ ਨੇ ਪੂਰੇ ਜੋਸ਼ ਨਾਲ "ਜੈ ਧਵਨੀ" ਦਾ ਸਾਥ ਦਿੱਤਾ। ਫਿਰ ਸੈਕ੍ਰਟਰੀ ਸਾਹਿਬ ਨੇ ਮੰਚ ਤੇ ਖੜ੍ਹੇ ਹੋ ਕੇ ਧਰਮ ਸੰਬੰਧਿਆਂ ਨੂੰ ਸੰਬੋਧਨ ਕਰਦੇ ਹੋਏ ਪਹਿਲੇ ਸਭ ਨੂੰ ਇਸ ਵਿਸ਼ੇਸ਼ ਦਿਨ ਦੀ ਮੁਬਾਰਕ ਬਾਦ ਦਿੱਤੀ ਅਤੇ ਦੱਸਿਆ ਕਿ ਇਸ ਦਿਨ ਦੇ ਨਾਲ ਮਾਨਵ ਜਗਤ ਦੀ, ਪਸ਼ੂ ਜਗਤ ਦੀ, ਬਨਸਪਤੀ ਜਗਤ ਅਤੇ ਭੌਤਿਕ ਜਗਤ ਦੀ ਰੱਖਿਆ ਅਤੇ ਵਿਕਾਸ ਜੁੜਿਆ ਹੋਇਆ ਹੈ। ਅੱਜ ਧੰਨਭਾਗ ਮਹਿਸੂਸ ਕਰਨ ਅਤੇ ਖੁਸ਼ੀਆਂ ਦੇ ਨਾਲ ਨੱਚਣ ਦਾ ਦਿਨ ਹੈ। ਮਹਾਂਦਾਨ ਪਾਉਣ ਅਤੇ ਸ਼ੁਭ ਸੰਕਲਪ ਕਰਕੇ ਭੇਂਟ ਅਤੇ ਤਿਆਗ ਕਰਨ ਦਾ ਦਿਨ ਹੈ।

ਮੰਤਰੀ ਜੀ ਨੇ ਸ਼੍ਰੀ ਅਕਰਬਪੁਰ ਦੀ ਪੁੰਨ ਭੂਮੀ ਨੂੰ, ਭਗਵਾਨ ਦੇ ਪੂਰਵਜ ਅਤੇ ਮਾਤਾ ਪਿਤਾ ਨੂੰ ਯਾਦ ਕੀਤਾ ਅਤੇ ਵਾਰ ਵਾਰ ਨਮਨ ਕੀਤਾ ਅਤੇ ਮਾਨਵਤਾ ਦੇ ਸੁਭਾਗ ਦਾ ਅਨੁਭਵ ਕਰਾਇਆ। ਕਿਸ ਕਿਸ ਅਵਸਥਾਵਾਂ ਵਿੱਚੋਂ ਸਾਨੂੰ ਮਿੱਥਿਆ ਅਤੇ ਪਾਪ ਤੋਂ, ਪਾਪ ਦੀ ਦਲਦਲ ਤੋਂ ਕੱਢਿਆ ਗਿਆ। ਕਿਸ ਤਰ੍ਹਾਂ ਸਾਡੇ ਪਰਿਵਾਰਾਂ ਨੂੰ ਸ਼ੁਭ ਮਾਰਗ ਤੇ ਲਿਆਂਦਾ ਗਿਆ। ਉਸਦਾ ਭਰੇ ਦਿਲ ਨਾਲ ਬਿਆਨ ਕੀਤਾ ਗਿਆ। ਅਜਿਹੇ ਅਦੁੱਤੀ ਮਹਾਨ ਕੰਮ ਦੇ ਚਾਰੇ ਪਾਸੇ ਫੈਲਣ ਦੀ ਸ਼ੁਭ-ਕਾਮਨਾ ਕੀਤੀ ਗਈ ਅਤੇ ਫਿਰ ਜੈ ਧਵਨੀ ਦੇ ਨਾਰੇ ਲਗਾਏ ਗਏ। ਬੈਂਡ ਬਾਜਾ ਜੋ ਸੂਰਜ ਦੀ ਪਹਿਲੀ ਕਿਰਨ ਨਾਲ ਕੁਝ ਦੇਰ ਵੱਜਿਆ ਸੀ ਉਹ ਫਿਰ ਵੱਜਣ ਲੱਗਾ। ਸਾਰੇ ਸਾਥੀ ਦੋ ਲਾਈਨਾਂ ਬਣਾ ਕੇ ਖੁਸ਼ੀਆਂ ਨਾਲ ਭਰੇ ਹੋਏ ਆਪਣੇ ਆਪਣੇ ਹਾਰ ਆਪਣੇ ਹੱਥਾਂ ਵਿਚ ਲੈ ਕੇ ਪੰਡਾਲ ਵੱਲ ਵੱਧ ਰਹੇ ਸਨ। ਇੱਕ ਮਾਨਯੋਗ ਧਰਮ ਸੰਬੰਧੀ ਬੇਖੁਦ ਹੋ ਕੇ ਖੁਸ਼ੀ ਨਾਲ ਨੱਚਦੇ ਹੋਏ ਅਰਚਨਾਂ ਲਈ ਜਾ ਰਹੇ ਸੀ। ਬਹੁਤ ਹੀ ਸੁੰਦਰ ਦ੍ਰਿਸ਼ ਸੀ। ਹਿਰਦਾ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਝੁੱਕ ਰਿਹਾ ਸੀ।

8:30 ਵਜੇ ਮਹਾਂ ਸਭਾ ਦਾ ਘੰਟਾ ਵੱਜਿਆ।

ਮਹਾਂ ਸਭਾ

ਸਵੇਰੇ 8:30 ਵਜੇ ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਦਾ ਵਿਸ਼ਾ ਸੀ "ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ ਪਰਮ ਲਕਸ਼, ਉਨ੍ਹਾਂ ਦਾ ਘੋਰ ਤਪ ਅਤੇ ਉਸਦੇ ਲਈ ਕੁਰਬਾਨੀਆਂ ਦੀ ਜ਼ਰੂਰਤ" ਪਹਿਲੇ ਇੱਕ ਮਹਿਮਾ ਵਿਸ਼ੇਅਕ ਸੁੰਦਰ ਭਜਨ ਦਾ ਗਾਨ ਹੋਇਆ। ਫਿਰ ਦੇਵ ਸਤੋਤਰ ਦਾ ਗਾਨ, ਫਿਰ ਅਰਚਨ ਦੇ ਨਾਲ ਦੇ ਵ ਸਤੋਤਰ ਦੀ ਵਿਆਖਿਆ ਕੀਤੀ ਗਈ ਫਿਰ ਸਭਾਪਤੀ ਜੀ ਨੇ ਸਭਾ ਦੀ ਸਫਲਤਾ ਦੇ ਲਈ ਦਿਲੋਂ ਕਾਮਨਾ ਕੀਤੀ। ਫਿਰ ਜਗਦੀਸ਼ ਜੀ ਨੇ 'ਅਦੁੱਤੀ ਜੀਵਨ ਬ੍ਰਤਧਾਰੀ' ਵਾਲਾ ਗੀਤ ਗਾਇਆ। ਸਭਾਪਤੀ ਜੀ ਨੇ ਇਸ ਪ੍ਰਕਾਰ ਬਿਆਨ ਕੀਤਾ।

ਦੇਵ ਆਤਮਾ ਦਾ ਪ੍ਰਕਾਸ਼ ਮਹਾਨ ਅਤੇ ਸਰਬ ਸ਼੍ਰੇਸ਼ਠ ਘਟਨਾ ਹੈ। ਉਨ੍ਹਾਂ ਦੇ ਨਾਲ ਜੁੜਨਾ ਪਰਮ ਸੁਭਾਗ ਹੈ। ਉਨ੍ਹਾਂ ਤੋਂ ਅਲੱਗ ਰਹਿਣਾ ਭੈੜੀ ਕਿਸਮਤ ਹੈ। ਮੈਂ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਿਸ਼ਨ ਨੂੰ ਘ੍ਰਿਣਾ ਕਰਦਾ ਸੀ। ਹੁਣ ਇਸ ਮਹਾਂ ਸੁਭਾਗ ਨੂੰ ਬਿਆਨ ਕਰਨ ਦੇ ਲਈ ਸ਼ਬਦ ਪ੍ਰਾਪਤ ਨਹੀਂ ਹੁੰਦੇ। ਵਿਕਾਸ ਦੇ ਨਿਯਮ ਅਨੁਸਾਰ ਹਰ ਖੇਤਰ ਵਿੱਚ ਵਿਕਾਸ ਹੋ ਰਿਹਾ ਹੈ। ਵਿਕਾਸ ਦੇ

ਨਿਯਮ ਅਜੂਬੇ ਪੈਦਾ ਕਰ ਰਿਹਾ ਹੈ। ਸੂਰਜ ਦਾ ਵਿਕਾਸ ਅਜੂਬਾ ਹੈ। ਬੇਜਾਨ ਤੋਂ ਜਾਨ, ਜਾਨ ਤੋਂ ਬਨਸਪਤੀ ਅਤੇ ਪਸ਼ੂਜਗਤ ਦਾ ਆਉਣਾ ਫਿਰ ਮਨੁੱਖ ਦਾ ਵਿਕਾਸ ਸਭ ਵਿਕਾਸ ਦਾ ਅਜੂਬਾ ਹਨ। ਇਨ੍ਹਾਂ ਸਾਰੇ ਜਗਤਾਂ ਦਾ ਵਿਕਾਸ ਹੋਇਆ ਹੈ, ਹੋ ਰਿਹਾ ਹੈ ਤੇ ਹੁੰਦਾ ਰਹੇਗਾ। ਮਨੁੱਖ ਦਾ ਸ਼ਰੀਰ ਮੁਕੰਮਲ ਹੋ ਗਿਆ, ਸ਼ਰੀਰ ਦੀ ਗਠਨ ਪੂਰੀ ਹੋ ਗਈ, ਬੁੱਧੀ ਸ਼ਕਤੀ ਆ ਗਈ ਗਿਆਨ ਦੇ ਨਾਲ ਸਵਾਰੀ ਦੇ ਸਾਧਨ ਅਤੇ ਹੋਰ ਸੁਖਾਂ ਦੇ ਸਾਧਨ ਕਿਥੋਂ ਤੱਕ ਵਿਕਸਿਤ ਹੋ ਗਏ। ਇਸ ਧਰਤੀ ਤੇ ਮਨੁੱਖ ਨੇ ਬੁੱਧੀ ਦੁਆਰਾ ਚਾਰਾਂ ਜਗਤਾਂ ਦਾ ਵਿਕਾਸ ਕੀਤਾ ਹੈ। ਲੇਕਿਨ ਫਿਰ ਵੀ ਇਨਸਾਨ ਆਪਣੇ ਲਈ ਅਤੇ ਦੂਸਰਿਆਂ ਲਈ Human bomb ਬਣਾ ਰਿਹਾ ਹੈ। ਆਪਣੇ ਭਾਵਾਂ ਦੇ ਵਿਚਾਰਾਂ ਨਾਲ ਅਤੇ ਆਪਣੀ ਘਿਰਣਾ ਦੇ ਵਿਚਾਰਾਂ ਨਾਲ ਅੰਦਰ ਜੋ ਨੀਚ ਭਾਵ ਹੈ ਉਹ ਹਰ ਸਮੇਂ ਖਤਰਾ ਬਣੇ ਹੋਏ ਹਨ। ਅਜਿਹਾ ਕਿਉਂ ਹੈ? ਕਿਉਂਕਿ ਮਨੁੱਖ ਦੀ ਆਤਮਿਕ ਗਠਨ ਅਧੂਰੀ ਹੈ। ਕਈ ਅਜਿਹੇ ਸੁੰਦਰ ਉਦਾਹਰਣ ਪੇਸ਼ ਕਰਕੇ ਇਸ ਗੱਲ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ।

ਵਿਕਾਸ ਦੇ ਕ੍ਰਮ ਵਿੱਚ ਦੇਵ ਆਤਮਾ ਦਾ ਪ੍ਰਗਟ ਹੋਣਾ ਅਗਲਾ ਵੱਡਾ ਅਜੂਬਾ ਹੈ। ਸਰੀਰ ਅਤੇ ਬੁੱਧੀ ਦੇ ਵਿਚਾਰ ਤੋਂ ਤਾਂ ਆਪ ਇਨਸਾਨੀ ਸੂਰਤ ਸੀ, ਪਰੰਤੂ ਨੇਚਰ ਦੇ ਵਿਕਾਸ ਦੇ ਕ੍ਰਮ ਵਿੱਚ ਆਤਮਾ ਦੀ ਗਠਨ ਪੂਰਨਤਾ ਨੂੰ ਪ੍ਰਾਪਤ ਹੋ ਗਈ। ਦੇਵ ਆਤਮਾ ਦਾ ਦੇਵ ਹਿਰਦਾ ਤੜਪ ਉਠਦਾ ਹੈ ਜਦੋਂ ਮਨੁੱਖ ਨੀਚ ਸੁਖਾਂ ਦੇ ਸਾਮਾਨਾਂ ਦੀ ਤਰਫ਼ ਦੌੜਦਾ ਜਾਂਦਾ ਹੈ।

ਦੇਵ ਆਤਮਾ ਸੱਤਿ ਅਤੇ ਸ਼ੁਭ ਤੋਂ ਤਿਲ-ਭਰ ਵੀ ਇਧਰ ਉਧਰ ਨਹੀਂ ਹੋ ਸਕਦੇ। ਆਪ ਜੀ ਅੰਦਰ ਦੇਵ ਸ਼ਕਤੀਆਂ ਦੇ ਦੁਆਰਾ ਦੇਵ ਜੋਤੀ ਅਤੇ ਦੇਵ ਤੇਜ ਪੈਦਾ ਹੋ ਗਏ। 32 ਸਾਲ ਦੀ ਭਰੀ ਜਵਾਨੀ ਵਿੱਚ ਆਪਨੇ ਅਦੁੱਤੀ ਜੀਵਨ ਬ੍ਰਤ ਗ੍ਰਹਿਣ ਕਰ ਲਿਆ।

"ਸੱਤਿ ਸ਼ਿਵ ਸੁੰਦਰ ਹੀ ਮੇਰਾ ਪਰਮ ਲਕਸ਼ ਹੋਵੇ ਜੱਗ ਦੇ ਉਪਕਾਰ ਵਿੱਚ ਹੀ ਜੀਵਨ ਇਹ ਜਾਵੇ।"

ਦੱਸਿਆ ਗਿਆ ਹੈ ਕਿ ਇਨ੍ਹਾਂ ਚਾਰਾਂ ਘਟਨਾਵਾਂ ਨੇ ਦੇਵ ਆਤਮਾ ਦੇ ਬ੍ਰਤ ਧਾਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

1. ਮਿਸ ਮੇਰੀ ਕਾਰਪੇਂਟਰ ਦੀ ਜੀਵਨ ਕਥਾ ਪੜ੍ਹ ਕੇ
2. ਮਹਾਤਮਾ ਬੁੱਧ ਦੀ ਕਥਾ ਨੂੰ ਪੜ੍ਹ ਕੇ
3. ਮੇਜਰ ਟੱਕਰ ਬੂਥ ਦੇ ਜਲਸੇ ਦੁਆਰਾ
4. ਪਰਮਾਤਮਾ ਦੀ ਵਿਸ਼ੇਸ਼ ਕ੍ਰਿਪਾ ਸਮਝਕੇ

ਐਸੇ ਅਦੁੱਤੀ ਜੀਵਨ ਬ੍ਰਤ ਨੂੰ ਰੱਖਕੇ ਕੀ ਲੋਕਾਂ ਨੇ ਉਨ੍ਹਾਂ ਦਾ Welcome ਕੀਤਾ? Welcome ਤਾਂ ਬੜੀ ਦੂਰ, ਚਾਰਾਂ ਤਰਫਾਂ ਤੋ ਵਿਰੋਧਤਾ ਵੱਧਣ ਲਗੀ। ਇਸ ਵੱਧਦੀ ਵਿਰੋਧਤਾ ਦੀਆਂ ਪ੍ਰਚੰਡ ਲਾਟਾਂ ਦਾ ਸੁੰਦਰ ਰੂਪ ਨਾਲ ਵਰਨਣ ਕੀਤਾ ਗਿਆ ਕਿ ਕਿਸ ਪ੍ਰਕਾਰ ਦੇਵ ਆਤਮਾ ਨੂੰ ਚਾਰਾਂ ਤਰਫਾਂ ਤੋਂ ਤੜਫਾਇਆ ਗਿਆ। ਕਿਸ ਤਰ੍ਹਾਂ ਧਰਮ ਪਾਲ ਨੇ ਤੇ ਦੇਵਰਤਨ ਨੇ ਦੇਵਆਤਮਾ ਨੂੰ ਸਤਾਉਣ ਦੇ ਕਾਰਨਾਮੇ ਕੀਤੇ। ਕਿਸ ਕਿਸ ਪ੍ਰਕਾਰ ਵਿਰਾਟ ਸਭਾਂਵਾਂ ਹੁੰਦੀਆਂ ਰਹੀਆਂ। ਇਹਨਾਂ ਅਦੁੱਤੀ ਦੁੱਖਾਂ ਅਤੇ ਘੋਰ ਉਤਪੀੜਨਾਂ ਦੁਆਰਾ ਦੇਵ ਆਤਮਾ ਦੇ ਦੇਵ ਹਿਰਦੇ ਦੀ ਅਵਸਥਾ ਬਿਆਨ ਕੀਤੀ ਗਈ। ਦੇਵ ਆਤਮਾ ਦੇ ਅਦੁੱਤੀ ਵਿਲਾਪ ਦਾ ਪਾਠ ਕੀਤਾ ਗਿਆ। ਸਭਾਪਤੀ ਅਤੇ ਹਾਜਰੀਨ ਦੇ ਹਿਰਦੇ ਭਰ ਰਹੇ ਸੀ ਅਤੇ ਅਜੇਹਿਆਂ ਲਾਸਾਨੀ ਕੁਰਬਾਨੀਆਂ ਦੇ ਅੱਗੇ ਝੁੱਕ ਰਹੇ ਸੀ। ਧਨ ਅਤੇ ਜਨ ਦੀ ਅਪੀਲ ਮਹਾਂਸਭਾ ਦੇ ਬਾਅਦ ਸ਼੍ਰੀਮਾਨ ਜੀ ਨੇ ਖੜੇ ਹੋਕੇ ਕੀਤੀ। ਅਤੇ ਵਿਕਾਸਾਰਥੀ ਸੁਖਦੇਵ ਸਿੰਘ ਜੀ ਨੂੰ ਖੜੇ ਕਰਕੇ ਦੱਸਿਆ ਗਿਆ ਕਿ ਇਹ ਸੁਭਾਗਵਾਨ ਜਨ ਆਪਣੀ ਪੜਾਈ ਅਤੇ ਕਮਾਈ ਦੇ ਆਕਰਸ਼ਣ, ਪ੍ਰਲੋਭਣਾਂ ਨੂੰ ਛੱਡਕੇ ਇੱਕ ਸਾਲ ਤੋਂ ਇੱਥੇ ਰਹਿ ਕੇ ਲਾਭ ਉਠਾ ਰਹੇ ਹਨ। ਹੋਰ ਵੀ ਕਿਸੇ ਜਨ ਨੇ ਆਪਣਾ ਸੱਚਾ ਭਲਾ ਕਰਨਾ ਹੋਵੇ ਅਤੇ ਸਫਲ ਜੀਵਨ ਕਰਨਾ ਹੋਵੇ ਤਾ ਅੱਗੇ ਵੱਧ ਸਕਦਾ ਹੈ। ਇਸ ਅਪੀਲ ਦੇ Response ਤੇ ਡਾ. ਮੰਸਾ ਸਿੰਘ ਜੀ ਅਤੇ ਜੰਗੀਰ ਸਿੰਘ ਜੀ ਨੇ ਖੜੇ ਹੋ ਕੇ ਦੱਸਿਆ ਕਿ ਅਸੀਂ ਲੋਕ ਜਿਸ ਸਮੇਂ ਇੱਥੇ ਬੁਲਾਉਂਗੇ ਉਸੀਂ ਸਮੇਂ ਇੱਥੇ ਪਹੁੰਚਾਂਗੇ।

ਦੁਪਿਹਰ 2 ਵਜੇ ਬੱਚਿਆਂ ਦੀ ਸਭਾ ਕੀਤੀ ਅਤੇ ਚਾਰ ਵਜੇ ਪਬਲਿਕ ਲੈਕਚਰ ਦੀ ਸੂਚਨਾ ਦੇ ਨਾਲ ਜੈ ਧਵਨੀ ਬੁਲਾਕੇ ਸਭਾ ਸਮਾਪਤ ਕੀਤੀ ਗਈ।

ਬੱਚਿਆਂ ਦੀ ਸਭਾ : 2 ਵਜੇ

ਸਭਾਪਤੀ ਮਿਸਿਜ ਸੁਰਜੀਤ ਬਰਾੜ

ਠੀਕ 2 ਵਜੇ ਬੱਚਿਆਂ ਦੀ ਸਭਾ ਸ਼ੁਰੂ ਹੋਈ। 2 ਸਾਲ ਦੇ ਘੱਟ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ। ਕਈ

ਬੱਚਿਆਂ ਨੇ ਬਹੁਤ ਸੁੰਦਰ ਭਜਨਾਂ ਦਾ ਗਾਨ ਕੀਤਾ। ਇਸ ਪ੍ਰਕਾਰ ਇਹ ਸਭਾ ਵੀ ਅੱਛੀ ਕਾਮਯਾਬ ਰਹੀ।

ਪਬਲਿਕ ਲੈਕਚਰ 4 ਵਜੇ ਸ਼ਾਮ

ਵਕਤਾ : ਡਾ. ਵਿਨੋਦ ਜੀ ਖੇੜਾ

ਸਭਾਪਤੀ : ਸ਼੍ਰੀ ਮਾਨ ਬਲਬਹਾਦੁਰ ਸਿੰਘ ਜੀ

ਵਿਸ਼ਾ : ਅਧਿਆਤਮਿਕ ਦੁਨੀਆਂ ਵਿੱਚ ਵਿਗਿਆਨ ਦੀਆਂ ਨਵੀਆਂ ਖੋਜਾਂ

ਵਕਤਾ ਨੇ ਆਪਣੇ ਵਿਸ਼ੇ ਦਾ ਆਰੰਭ ਮਹਾਤਮਾ ਬੁੱਧ ਦੁਆਰਾ ਆਪਣੇ ਸ਼ਰਧਾਲੂ ਨੂੰ ਸੁਣਾਈ ਇੱਕ ਕਹਾਣੀ ਨਾਲ ਕੀਤਾ ਜਿਸ ਵਿੱਚ ਉਨ੍ਹਾਂ ਨੇ ਆਪਣੇ ਸ਼ਰਧਾਲੂ ਨੂੰ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸ ਪ੍ਰਕਾਰ ਮਿੱਥਿਆ ਵਿਸ਼ਵਾਸ ਸਾਨੂੰ ਆਪਣੇ ਜੀਵਨ ਵਿੱਚ ਆਏ ਅਵਸਰਾਂ ਦੇ ਲਾਭ ਤੋਂ ਵੰਚਿਤ ਕਰ ਦਿੰਦੇ ਹਨ ਅਤੇ ਉਸਦਾ ਘਾਟਾ ਅਸੀਂ ਆਪਣਾ ਸਾਰਾ ਜੀਵਨ ਉਠਾਉਂਦੇ ਰਹਿੰਦੇ ਹਾਂ ਇਸ ਲਈ ਵਕਤਾ ਨੇ ਹਾਜ਼ਰ ਜਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਦਿਲਾਂ ਅਤੇ ਦਿਮਾਗਾਂ ਨੂੰ ਖੁਲ੍ਹਾ ਰੱਖ ਕੇ ਇਸ ਵਿਗਿਆਨ ਤੋਂ ਪੂਰਨ ਲਾਭ ਉਠਾਉਣ।

ਰੇਡੀਉ ਐਕਟਿਵ ਆਈਸੋਟੋਪ ਅਤੇ ਗਣਿਤ ਦੀ ਆਧੁਨਿਕਤਮ ਵਿਧਿਆਂ ਦੀ ਸਹਾਇਤਾ ਨਾਲ ਵਿਗਿਆਨਕ ਹੁਣ ਇਹ ਪ੍ਰਮਾਣਿਤ ਕਰ ਚੁੱਕੇ ਹਨ ਕਿ ਸਾਡੇ ਸਰੀਰ ਦੇ ਸਾਰੇ Atoms ਜਾਂ 98 ਪ੍ਰਤੀਸ਼ਤ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਬਦਲ ਜਾਂਦੇ ਹਨ ਅਤੇ ਦੋ ਸਾਲ ਵਿੱਚ ਪੂਰੇ ਸ਼ਰੀਰ ਦਾ ਹਰ atom ਬਦਲ ਚੁਕਾ ਹੈ। ਪਰੰਤੂ ਸ਼ਰੀਰ ਦਾ atom ਬਦਲ ਜਾਣ ਦੇ ਬਾਵਜੂਦ ਵੀ ਸਰੀਰ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਇਸ ਤਰ੍ਹਾਂ ਵਕਤਾ ਨੇ ਦੱਸਿਆ ਕਿ ਹਰ ਇੱਕ ਹਫਤੇ ਵਿੱਚ ਸਾਡੀ ਜੀਭ ਦੇ ਸੁਆਦ ਦੱਸਣ ਵਾਲੇ Taste buds (ਸੁਆਦ ਗ੍ਰੰਥੀਆ) ਬਦਲ ਜਾਂਦੇ ਹਨ। ਪਰ ਉਹ chocolate ਦਾ ਸੁਆਦ ਨਹੀਂ ਭੁਲਦੇ ਅਤੇ ਸੁਆਦ ਦੀ ਪਹਿਚਾਨ ਕਰਨ ਦੀ ਯੋਗਤਾ ਦੀ ਨਿਰੰਤਰਤਾ ਬਣੀ ਰਹਿੰਦੀ ਹੈ। ਹਰ ਛੇ ਹਫਤਿਆਂ ਵਿੱਚ ਅਸੀਂ ਆਪਣੇ Liver (ਜਿਗਰ) ਦਾ ਇੱਕ ਬਿਲਕੁਲ ਨਵਾਂ Model ਤਿਆਰ ਕਰ ਲੈਂਦੇ ਹਾਂ, ਜਿਸ ਵਿੱਚ ਪੁਰਾਣੇ Liver ਦਾ ਕੋਈ atom ਅਤੇ cell ਨਹੀਂ ਹੁੰਦਾ। ਇਸ ਪ੍ਰਕਾਰ ਸ਼ਰੀਰ ਅਤੇ ਦਿਮਾਗ ਦੇ ਭਿੰਨ ਭਿੰਨ ਅੰਗਾਂ ਦੇ cell ਅਤੇ atom ਦੇ ਬਦਲ ਜਾਣ ਦੇ ਬਾਵਜੂਦ ਸਾਡੇ ਜੀਵਨ ਵਿਚ ਨਿਰੰਤਰਤਾ ਬਣੀ ਹੋਈ ਹੈ। ਉਸਦਾ ਕੀ ਰਹੱਸ ਹੈ? ਕਿਹੜੀ ਐਸੀ ਚੀਜ ਹੈ ਜੋ ਸਾਨੂੰ ਬਚਪਨ ਵਿੱਚ ਸਿੱਖੀ ਯੋਗਤਾਵਾਂ ਨੂੰ 20, 40, 60 ਸਾਲ ਬਾਅਦ ਵੀ ਇਸ ਉੱਤੇ ਮਾਨ ਕਰਨ ਦੇ ਯੋਗ ਬਣਾਈ ਰਖਦੀ ਹੈ। ਵਕਤਾ ਨੇ ਪ੍ਰਸ਼ਨ ਕੀਤਾ ਕਿ ਉਹ ਕਿਹੜੀ ਚੀਜ ਹੈ ਜਿਸਦੇ ਸਰੀਰ ਵਿਚੋਂ ਚਲੇ ਜਾਣ ਦੇ ਬਾਦ ਵਿਅਕਤੀ ਨੂੰ ਮਰਿਆ ਹੋਇਆ ਮੰਨਿਆ ਜਾਂਦਾ ਹੈ? ਪਰ ਉਸਦੇ ਸ਼ਰੀਰ ਦੇ ਭਾਰ ਵਿੱਚ ਮੌਤ ਹੋ ਜਾਣ ਦੇ ਬਾਅਦ ਕੋਈ ਅੰਤਰ ਨਹੀਂ ਪੈਂਦਾ। ਸਪੱਸ਼ਟ ਹੈ ਕਿ ਉਹ ਚੀਜ ਭਾਰਹੀਣ ਹੈ, matter ਦੀ ਬਣੀ ਹੋਈ ਨਹੀਂ ਹੈ ਇਸ ਵਸਤੂ ਨੂੰ ਵਿਗਿਆਨਕ ਉੱਚ ਜਾਗਰਤੀ (Higher consciousness) ਦਾ ਨਾਮ ਦਿੰਦੇ ਹਨ। ਦੇਵ ਧਰਮ ਵਿੱਚ ਇਸ ਨੂੰ ਆਤਮਾ ਜਾਂ ਜੀਵਨੀ ਸ਼ਕਤੀ ਦਾ ਨਾਮ ਦਿੱਤਾ ਗਿਆ ਹੈ। ਅਸੀਂ ਇਸੇ ਨੂੰ ਕਿਸੇ ਵੀ ਨਾਮ ਨਾਲ ਪੁਕਾਰ ਸਕਦੇ ਹਾਂ। ਇਸ ਵਿਚ ਕੋਈ ਫਰਕ ਨਹੀਂ ਪੈਂਦਾ।

ਅੱਗੇ ਚਲ ਕੇ ਵਕਤਾ ਨੇ ਦੱਸਿਆ ਕਿ ਪੱਥਰ ਦੇ ਜਾਂ ਪੌਦੇ ਦੇ ਜਾਂ ਕਿਸੇ ਪਸ਼ੂ ਦੇ ਸਿੰਗ ਜਾ ਹੋਰ ਕਿਸੇ ਅੰਗ ਦੇ ਛੋਟੇ ਤੋਂ ਛੋਟੇ ਟੁਕੜੇ ਕਰਨ ਤੇ ਅੰਤ ਵਿੱਚ ਕਾਰਬਨ, ਨਾਈਟਰੋਜਨ, ਹਾਨੀ ਡਰੋਜਨ ਆਦਿ ਤੱਤ ਹੀ ਮਿਲਦੇ ਹਨ। ਵਿਗਿਆਨਕਾਂ ਨੇ ਮਨੁੱਖ ਦੇ ਦਿਮਾਗ ਦਾ ਵੀ ਚੂਰਾ ਕਰ ਕਰ ਕੇ ਉਸਨੂੰ ਵੀ ਇਨ੍ਹਾਂ ਤਤਾਂ ਦਾ ਬਣਿਆ ਹੋਇਆ ਪਾਇਆ ਹੈ। ਜਿਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਸਾਰਾ ਬ੍ਰਹਿਮਾਂਡ ਦਾ Base ਇੱਕ ਹੀ ਪ੍ਰਕਾਰ ਦਾ ਹੈ।

ਨਿਊਟੋਨਿਅਨ Physics ਦੇ ਯੁਗ ਵਿੱਚ ਅੱਜ ਵੀ 200- 300 ਸਾਲ ਪਹਿਲੇ ਇਹ ਮੰਨਿਆ ਜਾਂਦਾ ਸੀ ਕਿ ਸਾਰਾ ਸੰਸਾਰ ਅਤੇ ਮਨੁੱਖ ਭੌਤਿਕ ਚੀਜਾਂ ਤੋਂ ਬਣਿਆਂ ਹੋਇਆ ਹੈ। Atoms ਅਤੇ ਉਸਦੇ ਅੰਸ਼ Protons, Electrons ਅਤੇ Neutrons ਹੀ ਇਸ ਵਿਸ਼ਵ ਦੇ ਨਿਰਮਾਣਕਾਰੀ ਅੰਗ (Building blocks) ਹਨ। ਸੰਸਾਰ ਵਿੱਚ ਜੋ ਕੁਝ ਭੌਤਿਕ ਨਹੀ ਹੈ ਜਿਵੇਂ ਮਨੁੱਖ ਦੀ ਆਤਮਾ, ਉਸ ਨੂੰ ਜਾਣਨ ਦੇ ਲਈ ਵਿਸ਼ਵਾਸ਼ ਦਾ ਸਹਾਰਾ ਲਿਆ ਜਾਂਦਾ ਸੀ ਨਾਂ ਕਿ ਸੱਤਿ ਗਿਆਨ ਦਾ ਕਿਉਂਕਿ ਵਿਗਿਆਨਕ ਮਨੁੱਖ ਦੇ ਆਤਮਾ ਦੇ ਬਾਰੇ ਵਿੱਚ ਗਿਆਨ

ਪਾਉਣ ਵਿਚ ਅਸਮਰਥ ਰਹੇ ਆਧੁਨਿਕਤਮ ਵਿਗਿਆਨਕ ਆਪਣੀ ਇਸ ਅਸਮਰਥਤਾ ਨੂੰ ਮਜਾਕ ਰੂਪ ਵਿੱਚ ਇਸ ਪ੍ਰਕਾਰ ਪ੍ਰਗਟ ਕਰਦੇ ਹਨ ਕਿ ਆਤਮਾ ਜਾਂ ਉੱਚ ਚੇਤਨਾ (Higher Consciousness) ਜਾਂ ਉੱਚ ਜਾਗਰਤੀ (Higher Awakening) ਦਾ ਗਿਆਨ ਤਾਂ ਆਪਣੀ ਕਲਪਨਾ ਸ਼ਕਤੀ ਦੇ ਦੁਆਰਾ ਦੇ ਸਕਦੇ ਹਨ।

ਫਿਰ ਵੀ ਵਿਗਿਆਨਕ ਇਨ੍ਹਾਂ ਜ਼ਰੂਰ ਜਾਨ ਚੁੱਕੇ ਹਨ ਕਿ ਸਾਡਾ ਅਸਿਤਿੱਤਵ ਅਸਲ ਵਿੱਚ ਆਤਮਾ ਹੈ ਜੋ ਸਰੀਰ ਦੇ ਨਾਲ ਰਹਿੰਦਾ ਹੈ ਨਾ ਕਿ ਸ਼ਰੀਰ ਜੋ ਕਿ ਆਤਮਾ ਦੇ ਨਾਲ That is we are, "Soul with a body" not "body with soul"?

ਵੀਹਵੀਂ ਸਦੀ ਆਈ ਤੇ ਵਿਗਿਆਨ ਦੇ ਖੇਤਰ ਵਿੱਚ ਇਕ ਹੋਰ ਉੱਨਤੀ ਹੋਈ ਜਦੋਂ Quantum physics ਨੇ ਜਨਮ ਲਿਆ। ਇਹ ਬਹੁਤ ਕਠਿਨ ਵਿਸ਼ਾ ਹੈ। ਪਰੰਤੂ ਆਧੁਨਿਕ ਵਿਗਿਆਨਕਾਂ ਨੇ ਇਸਦੀ ਸਹਾਇਤਾ ਦੇ ਨਾਲ ਬਹੁਤ ਮਹੱਤਵ ਪੂਰਨ ਗਿਆਨ ਪ੍ਰਾਪਤ ਕੀਤਾ ਹੈ। Electron, microscopes ਅਤੇ ਦੂਸਰੇ ਪਾਤਰਾਂ ਦੇ ਦੁਆਰਾ ਅਧਿਅੱਨ ਕਰਨ ਤੇ ਵਿਗਿਆਨਕਾਂ ਨੂੰ ਪਤਾ ਲੱਗਾ ਕਿ atom ਆਪਣੇ ਆਪ ਵਿੱਚ ਇੱਕ ਵੱਡੇ ਗੁਬਾਰੇ ਦੀ ਤਰ੍ਹਾਂ ਹੈ ਅਤੇ ਉਸ ਵਿੱਚ ਬਹੁਤ ਕੁੱਝ ਭਰਿਆ ਹੋਇਆ ਹੈ। ਉਨ੍ਹਾਂ ਨੇ atom ਨੂੰ ਤੋੜਿਆ ਅਤੇ ਹੋਰ ਤੋੜਿਆ ਅਤੇ ਉਸ ਵਿੱਚ ਨਵੇਂ ਛੋਟੇ ਤੋਂ ਛੋਟੇ ਕਣ ਦੇਖੇ ਜਿਸਨੂੰ ਬੜੇ ਅਜੀਬੋ ਗਰੀਬ ਨਾਮ ਦਿੱਤੇ ਗਏ। ਜਿਵੇਂ quark, flark, mare ਆਦਿ।

Atom ਨੂੰ ਤੋੜ ਦੇ ਤੋੜ ਦੇ ਵਿਗਿਆਨਕਾਂ ਨੂੰ ਇਹ ਵੀ ਪਤਾ ਲੱਗਿਆ ਕਿ Atom ਦਾ ਸਭ ਤੋਂ ਛੋਟਾ ਹਿੱਸਾ ਇੱਕ ਕਣ ਨਹੀਂ ਬਲਕਿ ਕੇਵਲ (energy) ਸ਼ਕਤੀ ਹੈ ਅਰਥਾਤ ਜਿਸ (energy) ਸ਼ਕਤੀ ਨੂੰ ਅਸੀਂ ਅਗਿਆਨਤਾ ਵਿੱਚ ਭੌਤਿਕ ਸ਼ਰੀਰ ਤੋਂ ਬਾਹਰ ਦੀ ਚੀਜ ਮੰਨ ਦੇ ਤੇ ਸਮਝਦੇ ਸੀ ਉਹ ਭੌਤਿਕ ਸ਼ਰੀਰ ਦਾ ਹੀ ਇੱਕ ਅੰਗ ਨਿਕਲ ਆਇਆ ਅਤੇ ਭੌਤਿਕ ਸ਼ਰੀਰ ਵੀ ਉਸਤੋਂ ਬਣਿਆ ਹੋਇਆ ਨਿਕਲਿਆ।

ਵਿਗਿਆਨਕ ਖੋਜ ਕਰਕੇ ਇਹ ਜਾਣ ਚੁੱਕੇ ਹਨ ਕਿ ਜੇਕਰ atom (ਪਰਮਾਣੂ) ਦੇ ਕੁਝ ਇਲੇਕਟਰੋਜਾਣ ਇੱਕ ਲਾਈਨ ਵਿੱਚ ਇੱਕ ਵਿਸ਼ੇਸ਼ ਸੰਖਿਆ (critical number) ਵਿੱਚ ਲਗਾ ਦਿੱਤੇ ਜਾਣ ਤਾਂ ਉਸ ਪਰਮਾਣੂ ਦੇ ਬਾਕੀ ਸਾਰੇ ਇਲੇਕਟਰੋਨ ਆਪਣੇ ਆਪ ਇੱਕ ਲਾਈਨ ਵਿੱਚ ਲੱਗ ਜਾਂਦੇ ਹਨ। ਇਸ ਪਰੀਵਰਤਨ ਨੂੰ phase Transition ਕਹਿੰਦੇ ਹਨ। ਵਿਗਿਆਨਕਾਂ ਦਾ ਅਨੁਮਾਨ ਹੈ ਕਿ ਸ਼ਾਇਦ ਇਹੀ ਚੀਜ ਪੌਦੇ ਨੂੰ ਪਸ਼ੂਆਂ ਤੋਂ ਅਤੇ ਪਸ਼ੂਆਂ ਤੋਂ ਮਨੁੱਖਾਂ ਨੂੰ ਅਲੱਗ ਕਰ ਦਿੰਦੀ ਹੈ। ਇਸ ਵਿਸ਼ੇ ਤੇ ਖੋਜ ਜਾਰੀ ਹੈ।

ਭੌਤਿਕ ਜਗਤ, ਰੁਖ, ਪੌਦੇ ਦਾ ਜਗਤ, ਪਸ਼ੂ ਪੰਛੀਆਂ ਦਾ ਜਗਤ ਅਤੇ ਮਨੁੱਖ ਜਗਤ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਤੇ ਜੋ ਅੰਤਰ ਹੈ ਉਸ ਨੂੰ ਸ਼ਪੱਸ਼ਟ ਕਰਦੇ ਹੋਏ ਵਕਤਾ ਨੇ ਦੱਸਿਆ ਕਿ ਇਸ ਜਗਤਾਂ ਦੇ ਵਿਕਾਸ ਵਿੱਚ ਜੀਵਨੀ ਸ਼ਕਤੀ ਨਵੇਂ ਤੋਂ ਨਵੇਂ ਰੂਪ ਧਾਰਨ ਕਰਦੀ ਗਈ ਹੈ। ਮਨੁੱਖ ਦੀ ਜੀਵਨੀ ਸ਼ਕਤੀ ਵਿੱਚ ਜੋ ਨਵੇਂ ਗੁਣ ਆਏ ਹਨ ਉਹਨਾਂ ਨੇ ਅਤੇ ਮਨੁੱਖ ਦੀ ਉੱਨਤਸ਼ੀਲ ਮਾਨਸਿਕ ਸ਼ਕਤੀ ਨੇ ਪਸ਼ੂਆਂ ਤੋਂ ਮਨੁੱਖ ਨੂੰ ਹਮੇਸ਼ਾ ਲਈ ਅਲੱਗ ਕਰ ਦਿੱਤਾ ਹੈ। ਮਨੁੱਖ ਦੀ ਉੱਨਤਸ਼ੀਲ ਮਾਨਸਿਕ ਸ਼ਕਤੀ ਦੇ ਕਰਿਸ਼ਮੇ ਤੋਂ ਅਜ ਸਾਰੇ ਜਾਣੂ ਹਾਂ। ਮਨੁੱਖ ਦੀ ਜੀਵਨੀ ਸ਼ਕਤੀ ਜਾਂ ਆਤਮਾ ਦੀ ਗਠਨ, ਵਿਕਾਸ ਪਾਉਣ ਦੇ ਬਾਵਜੂਦ ਅਧੂਰੀ ਹੈ। ਅਤੇ ਇਸ ਲਈ ਮਨੁੱਖ ਆਪਣੇ ਆਤਮਾ ਦੇ ਵਿਸ਼ੇ ਵਿੱਚ ਅਗਿਆਨੀ ਹੈ। ਵੱਡੇ ਤੋਂ ਵੱਡੇ ਵਿਗਿਆਨਕ ਵੀ ਇਹ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਮਨੁੱਖ ਦੀ ਜੀਵਨੀ ਸ਼ਕਤੀ ਕਿਥੋਂ ਆਉਂਦੀ ਹੈ, ਕਿਹੋ ਜਿਹੀ ਦਿਖਾਈ ਦਿੰਦੀ ਹੈ, ਕੀ ਕਰਦੀ ਹੈ ਅਤੇ ਮਨੁੱਖ ਦੀ ਮੌਤ ਦੇ ਬਾਅਦ ਕਿਥੇ ਜਾਂਦੀ ਹੈ। ਇਸਦੇ ਬਿਲਕੁਲ ਉਲਟ ਧਾਰਮਿਕ ਨੇਤਾਵਾਂ ਅਤੇ ਗ੍ਰੰਥਾਂ ਨੇ ਕਲਪਨਾ ਦਾ ਸਹਾਰਾ ਲੈ ਕੇ ਇਨ੍ਹਾਂ ਵਿਸ਼ਿਆਂ ਤੇ ਆਪਣੀ ਅਲੱਗ ਅਲੱਗ ਸਿੱਖਿਆ ਦਿੱਤੀ ਹੈ ਜੋ ਆਪਸ ਵਿੱਚ ਵਿਰੋਧੀ ਹੈ ਅਤੇ ਇਸ ਲਈ ਸਭ ਦੀ ਸਭ ਸੱਤਿ ਨਹੀਂ ਹੋ ਸਕਦੀ।

ਵਕਤਾ ਨੇ ਕਿਹਾ ਕਿ ਸ਼ਕਤੀ ਨੂੰ ਨਾ ਤਾਂ ਅਸੀਂ ਤੋਲ ਸਕਦੇ ਹਾਂ, ਨਾ ਦੇਖ ਸਕਦੇ ਹਾਂ ਇਸ ਲਈ ਸ਼ਕਤੀ ਦਾ ਸਮਝਨਾ ਸਾਡੇ ਲਈ ਹੋਰ ਵੀ ਕਠਿਨ ਹੋ ਜਾਂਦਾ ਹੈ। ਸ਼ਕਤੀ ਅਤਿ ਸੂਖਮ ਹੈ ਅਤੇ ਇਸਨੂੰ ਕੇਵਲ ਇਸਦੇ ਪ੍ਰਭਾਵਾਂ ਦੁਆਰਾ ਹੀ ਜਾਣਿਆਂ ਜਾ ਸਕਦਾ ਹੈ। ਉਦਾਹਰਣ ਦੇ ਤੋਰ ਦੇ ਬਿਜਲੀ ਦੀ ਸ਼ਕਤੀ ਦਾ ਅੰਦਾਜਾ ਉਸਦੇ ਕੰਮਾਂ ਤੋਂ ਹੀ ਲਗਾਇਆ ਜਾ ਸਕਦਾ ਹੈ।

ਅੱਜ ਅਸੀਂ ਜਿਸ ਭਗਵਾਨ ਦੇਵ ਆਤਮਾ ਦਾ 153 ਵਾਂ ਵਾਰਸ਼ਿਕ ਜਨਮ ਮਹਾਂ ਉਤਸਵ ਮਨਾ ਰਹੇ ਹਾਂ, ਉਨ੍ਹਾਂ ਦੀ ਜੀਵਨੀ ਸ਼ਕਤੀ ਵਿੱਚ ਸੱਤਿ ਅਤੇ ਸ਼ੁਭ ਵਿਸ਼ੇਅਕ ਅਨੁਰਾਗ ਵਿਕਸਤ ਹੋਏ, ਜਦੋਂ ਕਿ ਇਸ ਦੇ ਉਲਟ ਮਨੁੱਖ ਦੀ ਜੀਵਨੀ ਸ਼ਕਤੀ ਵਿੱਚ ਕੇਵਲ ਸੁਖਾਂ ਦੇ ਅਨੁਰਾਗ ਹੀ ਵਿਕਸਤ ਹੋਏ। ਜਿਸ ਪ੍ਰਕਾਰ Nature ਦੇ ਵਿਕਾਸ ਕ੍ਰਮ ਵਿੱਚ ਪਸ਼ੂਆਂ ਅਤੇ ਮਨੁਖਾਂ ਦੀ ਜੀਵਨੀ ਸ਼ਕਤੀ ਵਿੱਚ ਮੂਲਭੂਤ ਅੰਤਰ ਪੈਦਾ ਹੋ ਗਿਆ ਉਸੀ ਪ੍ਰਕਾਰ ਮਨੁੱਖਾਂ ਅਤੇ ਭਗਵਾਨ ਦੇਵ ਆਤਮਾ ਦੀ ਜੀਵਨੀ ਸ਼ਕਤੀ ਵਿੱਚ Nature ਦੇ ਵਿਕਾਸ ਕ੍ਰਮ ਵਿੱਚ ਉਪਰੋਕਤ ਮੂਲਭੂਤ ਅੰਤਰ ਪੈਦਾ ਹੋ ਗਿਆ।

ਸ਼੍ਰੀਮਾਨ ਡਾ. ਖੇੜਾ ਜੀ ਨੇ ਦੱਸਿਆ ਕਿ ਅਸੀਂ ਭੌਤਿਕ ਅੱਖਾਂ ਰੱਖ ਕੇ ਵੀ ਭੌਤਿਕ ਜੋਤੀ ਦੇ ਬਿਨ੍ਹਾਂ ਅੰਧਕਾਰ ਵਿੱਚ ਕੁਝ ਵੀ ਦੇਖ ਨਹੀਂ ਸਕਦੇ ਅਰਥਾਤ ਭੌਤਿਕ ਜੋਤੀ ਹੀ ਸਾਨੂੰ ਭੌਤਿਕ ਜਗਤ ਦੇ ਰੂਪ ਦਿਖਾ ਸਕਦੀ ਹੈ, ਉਸੀ ਪ੍ਰਕਾਰ ਸਾਡੀ ਮਾਨਸਿਕ ਸ਼ਕਤੀਆਂ ਸਾਨੂੰ ਮਾਨਸਿਕ ਗਿਆਨ ਪ੍ਰਦਾਨ ਕਰ ਸਕਦੀਆਂ ਹਨ। ਇਸ ਤੋਂ ਜਿਆਦਾ ਹੋਰ ਕੁੱਝ ਵੀ ਨਹੀਂ। ਇਨ੍ਹਾਂ ਮਾਨਸਿਕ ਸ਼ਕਤੀਆਂ ਦੇ ਬਿਨਾਂ ਮਨੁੱਖ ਦੀ ਜੀਵਨੀ ਸ਼ਕਤੀ ਜਾਂ ਆਤਮਾ ਵਿੱਚ ਆਤਮਿਕ ਸ਼ਕਤੀਆਂ ਵੀ ਉਤਪੰਨ ਹੋਈਆਂ ਹਨ। ਇੱਕ ਵਿਅਕਤੀ ਪਰਉਪਕਾਰੀ ਅਤੇ ਹਮਦਰਦੀ ਦੀ ਮੂਰਤੀ ਹੋਕੇ, ਪਰ ਮਾਂਸਾਹਾਰ ਦੇ ਕਾਰਣ ਪਸ਼ੂਆਂ ਦੇ ਪ੍ਰਤੀ ਅੱਤਿਆਚਾਰੀ ਬਣ ਜਾਂਦਾ ਹੈ। ਇਸ ਪ੍ਰਕਾਰ ਜਿਨ੍ਹਾਂ ਜਿਨ੍ਹਾਂ ਮਨੁੱਖਾਂ ਦੀ ਜੀਵਨੀ ਸ਼ਕਤੀ ਵਿੱਚ ਸਾਤਵਿਕ ਸ਼ਕਤੀਆਂ ਉਤਪੰਨ ਹੋਈਆਂ ਹਨ ਉਹ ਸਾਤਵਿਕ ਜੋਤੀ ਨੂੰ ਪ੍ਰਾਪਤ ਹੋਕੇ ਵੀ ਅਧੂਰਾ ਰਹਿਣ ਦੇ ਲਈ ਮਜਬੂਰ ਹਨ ਅਤੇ ਮਨੁੰਖਾ ਦਾ ਇਹ ਅਧੂਰਾਪਣ ਹੀ ਉਸਨੂੰ ਆਪਣੀ ਜੀਵਨੀ ਸ਼ਕਤੀ ਦੇ ਵਿਸ਼ੇ ਵਿੱਚ ਸੱਤਿ ਗਿਆਨ ਪ੍ਰਾਪਤ ਕਰਨ ਨਹੀਂ ਦਿੰਦਾ ਇਸਦੇ ਲਈ ਇਨ੍ਹਾਂ ਭੌਤਿਕ ਸ਼ਕਤੀਆਂ, ਮਾਨਸਿਕ ਸ਼ਕਤੀਆਂ ਅਤੇ ਸਾਤਵਿਕ ਸ਼ਕਤੀਆਂ ਤੋਂ ਵੀ ਉੱਪਰ ਸਰਬ ਉੱਚ ਪ੍ਰਕਾਰ ਦੀਆਂ ਸ਼ਕਤੀਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੂੰ ਅਸੀਂ ਦੇਵ ਸ਼ਕਤੀਆਂ ਕਹਿ ਸਕਦੇ ਹਾਂ। ਇਨ੍ਹਾਂ ਦੇਵ ਸ਼ਕਤੀਆਂ ਦੇ ਬਿਨਾਂ ਕੋਈ ਮਨੁੱਖ ਆਪਣੀ ਜੀਵਨੀ ਸ਼ਕਤੀ ਦੇ ਵਿਸ਼ੇ ਵਿੱਚ ਕਿਸੇ ਪ੍ਰਕਾਰ ਦੇ ਸੱਤਿ ਗਿਆਨ ਨੂੰ ਪ੍ਰਾਪਤ ਨਹੀਂ ਕਰ ਸਕਦਾ। Nature ਨੇ ਆਪਣੇ ਹੀ ਵਿਕਾਸ ਕ੍ਰਮ ਵਿੱਚ ਦੇਵ ਸ਼ਕਤੀਆਂ ਨੂੰ ਭਗਵਾਨ ਦੇਵ ਆਤਮਾ ਦੀ ਜੀਵਨੀ ਸ਼ਕਤੀ ਵਿੱਚ ਉਤਪੰਨ ਅਤੇ ਵਿਕਸਿਤ ਕੀਤਾ ਹੈ। ਵਿਗਿਆਨ ਦੇ ਸੱਤਿ ਨਿਯਮਾਂ ਤੇ ਆਧਾਰਿਤ ਆਤਮਾ ਦੇ ਵਿਸ਼ੇ ਵਿੱਚ ਉਨ੍ਹਾਂ ਦੀ ਸਿੱਖਿਆ ਕਿਸੇ ਵੀ ਵਿਅਕਤੀ ਦੁਆਰਾ ਸੱਤਿ ਦੀ ਕਸੌਟੀ ਤੇ ਪਰਖੀ ਜਾ ਸਕਦੀ ਹੈ।

ਮਨੁੱਖ ਦੀ ਜੀਵਨੀ ਸ਼ਕਤੀ ਅਰਥਾਤ ਆਤਮਾ ਦੇ ਵਿਸ਼ੇ ਵਿੱਚ ਉਨ੍ਹਾਂ ਦੇ ਦੁਆਰਾ ਦਿੱਤੀ ਗਈ ਵਿਗਿਆਨਕ ਸਿੱਖਿਆ ਸੰਖੇਪ ਵਿੱਚ ਇਸ ਪ੍ਰਕਾਰ ਹੈ

1. ਮਨੁੱਖ ਆਤਮਾ ਗਠਨ ਪ੍ਰਾਪਤ ਜੀਵਨੀ ਸ਼ਕਤੀ ਹੈ ਅਤੇ ਪੌਦਿਆਂ, ਪਸ਼ੂਆਂ ਦੀਆਂ ਗਠਨ ਪ੍ਰਾਪਤ ਜੀਵਨੀ ਸ਼ਕਤੀਆਂ ਤੋਂ ਵਿਕਸਿਤ ਹੋਈ ਹੈ।
2. ਇਹ ਨੇਚਰ ਦਾ ਅਭਿੰਨ ਅੰਗ ਅਤੇ ਇਸ ਲਈ Super Natural ਨਹੀਂ। ਨੇਚਰ ਦੀ ਪਰੀਭਾਸ਼ਾ ਦੇ ਅਨੁਸਾਰ ਕੁੱਝ ਵੀ Super Natural ਨਹੀਂ ਹੋ ਸਕਦਾ।
3. ਨੇਚਰ ਵਿੱਚ ਵਿਕਾਸ ਦੇ ਕ੍ਰਮ ਵਿੱਚ ਮਨੁੱਖ ਦਾ ਸ਼ਰੀਰ ਅਤੇ ਆਤਮਾ ਦੋਨੋਂ evolve ਹੋਏ ਹਨ, ਸਾਡਾ ਸਰੀਰ ਅਤੇ ਆਤਮਾ ਇਸੀ evolution ਦਾ ਪਰਿਣਾਮ ਹੈ।
4. ਮਨੁੱਖ ਆਤਮਾ ਨੇਚਰ ਦੇ ਨਿਯਮਾਂ ਦੇ ਅਧੀਨ ਹੈ ਜਿਵੇਂ ਵਿਕਾਸ, ਵਿਨਾਸ਼, ਪਰਿਵਰਤਨ ਜਨਮ ਅਤੇ ਮੌਤ ਆਦਿ ਨਿਯਮਾਂ ਦੇ ਅਧੀਨ ਹਨ।
5. ਮਨੁੱਖ ਆਤਮਾ ਦੀ ਗਠਨ ਸ਼ਕਤੀਆਂ ਤੋਂ ਬਣੀ ਹੋ ਅਤੇ ਸ਼ਰੀਰ ਉਸਦੇ ਰਹਿਣ ਦਾ ਘਰ ਹੈ।
6. ਨਾ ਕੇਵਲ ਮਨੁੱਖਾਂ ਵਿੱਚ ਜੀਵਨੀ ਸ਼ਕਤੀ ਹੈ ਬਲਕਿ ਪਸ਼ੂਆਂ ਅਤੇ ਪੌਦਿਆਂ ਵਿੱਚ ਵੀ ਹੈ।
7. ਮਨੁੱਖ ਦਾ ਆਤਮਾ ਮੁੱਖ ਹੈ ਅਤੇ ਉਸਦਾ ਸ਼ਰੀਰ ਗੌਣ।
8. ਜਿਸ ਤਰ੍ਹਾਂ ਨਿਰਜੀਵ ਸ਼ਕਤੀ e.g. electricity ਆਪਣੀ ਗਠਨ ਅਤੇ ਕੰਮਾਂ ਤੋਂ ਜਾਣੀ ਜਾਂਦੀ ਹੈ ਉਸ ਤਰ੍ਹਾਂ ਮਨੁੱਖੀ ਆਤਮਾ ਵੀ ਆਪਣੀ ਗਠਨ ਅਤੇ ਕੰਮਾਂ ਤੋ ਜਾਣੀ ਜਾਂਦੀ ਹੈ।

ਇਹ ਪ੍ਰਮਾਤਮਾ ਦੀ creation ਨਹੀਂ, ਬਲਕਿ ਪਰਮਾਤਮਾ ਦਾ ਵਿਸ਼ਵਾਸ ਇਸਦੀ ਅਗਿਆਨਤਾ ਦੀ creation ਹੈ, imagination ਹੈ।

10. ਮਾਤਾ ਅਤੇ ਪਿਤਾ ਦੀ ਜੀਵਨੀ ਸ਼ਕਤੀਆਂ ਦੇ ਮੇਲ ਨਾਲ ਪੂਰਨਤਾ ਇੱਕ ਨਵੀ ਆਤਮਾ ਦਾ ਜਨਮ ਹੁੰਦਾ ਹੈ ਜੋ ਮਾਤਾ ਅਤੇ ਪਿਤਾ ਦੇ ਪਰੋ ਟੋਪਲਾਜਮਾ ਦੀ ਛੋਟੀ ਛੋਟੀ ਬੂੰਦਾਂ ਦੇ ਟਕਰਾਣ ਦੇ ਨਾਲ ਆਪਣੇ ਨਵੇਂ ਅਸਿਸਤੱਵ ਵਿੱਚ ਆਉਂਦੀ ਹੈ। ਇਸ ਢੰਗ ਨੂੰ Conception ਕਹਿੰਦੇ ਹਨ।

ਭਗਵਾਨ ਦੇਵ ਆਤਮਾ ਨੇ ਮਨੁੱਖੀ ਆਤਮਾ ਦੇ ਕੰਮਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ ਉਹ ਹੈ :-

1. ਸ਼ਰੀਰ ਦਾ ਨਿਰਮਾਣ ਅਤੇ ਉਸਦੇ ਵਿੱਚ ਰਹਿਣਾ। ਪੌਦੇ ਅਤੇ ਪਸ਼ੂਆਂ ਦੀ ਜੀਵਨੀ ਸ਼ਕਤੀ ਵੀ ਉਨ੍ਹਾਂ ਦੇ ਸ਼ਰੀਰ ਦਾ ਨਿਰਮਾਣ ਕਰਦੀ ਹੈ ਅਤੇ ਉਨ੍ਹਾਂ ਦੇ ਸ਼ਰੀਰ ਵਿੱਚ ਰਹਿੰਦੀ ਹੈ। ਪੌਦਿਆਂ ਦੇ ਬੀਜਾਂ ਨੂੰ ਅਥਵਾਂ ਅੰਡਿਆਂ ਨੂੰ ਉਬਾਲ ਦੇਣ ਤੇ ਅਤੇ ਇਸਤਰੀ ਦੇ ਗਰਭ ਵਿੱਚ ਬੱਚਿਆਂ ਦਾ ਗਰਭਪਾਤ ਹੋ ਜਾਣ ਤੇ ਉਨ੍ਹਾਂ ਦੀ ਜੀਵਨੀ ਸ਼ਕਤੀ ਨਸ਼ਟ ਹੋ ਜਾਂਦੀ ਹੈ। ਅਤੇ ਇਸਤਰ੍ਹਾਂ ਦੇ ਬੀਜ ਅਤੇ ਅੰਡੇ ਅਤੇ ਭਰੂਣ ਆਪਣੇ ਲਈ ਸ਼ਰੀਰ ਦਾ ਨਿਰਮਾਣ ਕਰਨ ਵਿੱਚ ਯੋਗ ਨਹੀਂ ਹੁੰਦੇਅਤੇ ਆਪਣੇ ਸ਼ਰੀਰ ਦਾ ਨਿਰਮਾਣ ਦੀ ਯੋਗਤਾ ਨੂੰ ਖੋਹ ਦਿੰਦੇ ਹਨ।
2. ਸ਼ਰੀਰ ਦਾ ਪਾਲਣ ਕਰਨਾ ਅਤੇ ਉਸਦੀ ਰੱਖਿਆ ਕਰਨਾ ਅਤੇ ਉਸ ਉੱਤੇ ਸ਼ਾਸ਼ਨ ਕਰਨਾ।
3. ਸ਼ਰੀਰ ਨੂੰ ਜੀਵਤ ਰਖਣਾਂ। ਸ਼ਰੀਰਕ ਮੋਤ ਦੇ ਬਾਅਦ ਸੂਖਮ ਸਰੀਰ ਦਾ ਨਿਰਮਾਣ ਕਰਕੇ ਉਸ ਸੂਖਮ ਸਰੀਰ ਦੇ ਨਾਲ ਪਰਲੋਕ ਵਿੱਚ ਨਿਵਾਸ ਕਰਨਾ।
4. ਇੱਕ ਤੋਂ ਅਨੇਕ ਹੋਣ ਦੀ ਯੋਗਤਾ ਰੱਖਣਾ।

ਮਨੁੱਖ ਦੀ ਆਤਮਾ ਵਿੱਚ ਪਹਿਲਾਂ ਦੁੱਖ ਅਤੇ ਸੁੱਖ ਦੇ ਬੋਧ ਉਤਪੰਨ ਹੁੰਦੇ ਹਨ। ਹੋਲੀ ਹੋਲੀ ਇਹ ਬੋਧ ਸੁਖਾਂ ਦੇ ਪ੍ਰਤੀ ਅਨੁਰਾਗ ਅਤੇ ਦੁਖਾਂ ਦੇ ਪ੍ਰਤੀ ਘ੍ਰਿਣਾ ਬਣ ਜਾਦੇ ਹਨ। ਇਨ੍ਹਾਂ ਨੀਚ ਸੁਖਾ ਅਨੁਰਾਗਾਂ ਅਤੇ ਨੀਚ ਘ੍ਰਿਣਾ ਨੇ ਮਨੁੱਖ ਦੇ ਜੀਵਨ ਵਿੱਚ ਅੰਧੇਰਾ ਪੈਦਾ ਕਰ ਦਿੱਤਾ ਹੈ। ਪ੍ਰਾਕ੍ਰਿਤਕ ਮੁਸੀਬਤਾਂ ਨੂੰ ਛੱਡਕੇ ਇਹ ਨੀਚ ਅਨੁਰਾਗ ਮਨੁੱਖ ਦੇ ਦੁਖਾਂ ਦਾ ਕਾਰਨ ਬਣ ਰਹੇ ਹਨ।

ਇੰਗਲੈਂਡ ਦੀ ਰਾਜਕੁਮਾਰੀ ਡਾਇਨਾ ਅਤੇ ਰਾਜਕੁਮਾਰ ਚਾਰਲਸ ਦੀ ਕਹਾਣੀ ਇਹਨਾਂ ਨੀਚ ਸੁੱਖ ਅਨੁਰਾਗਾਂ ਅਤੇ ਘ੍ਰਿਣਾ ਅਤੇ ਉਨ੍ਹਾਂ ਤੋਂ ਉਤਪੰਨ ਦੁਖਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ। ਲੇਡੀ ਡਾਇਨਾ ਇੰਗਲੈਂਡ ਦੀ ਮਹਾਰਾਣੀ ਦੀ ਬਹੂ ਸੀ। ਭਾਵੀ ਮਹਾਰਾਜ ਦੀ ਪਤਨੀ ਅਤੇ ਭਵਿੱਖ ਦੇ ਮਹਾਰਾਜ ਦੀ ਮਾਂ। ਉਨ੍ਹਾਂ ਦੇ ਪਤੀ ਦੇ ਜੀਵਨ ਵਿੱਚ ਜੋ ਮਹਾ ਦੁਖਦਾਈ ਘਟਨਾਵਾਂ ਪੈਦਾ ਹੋਈਆਂ ਉਨ੍ਹਾਂ ਦਾ ਮੂਲ ਕਾਰਨ ਉਨ੍ਹਾਂ ਦੇ ਅੰਦਰ ਨੀਚ ਸੁਖ ਅਨੁਰਾਗ ਹੀ ਸੀ। ਜੋਗੀ ਅਤੇ ਜੂ ਦੇਵ ਵੀ ਅਜਿਹੇ ਦੋ ਵਿਅਕਤੀ ਹਨ ਜਿਨ੍ਹਾਂ ਵਿੱਚੋਂ ਇੱਕ ਛੱਤੀਸਗੜ੍ਹ ਦੇ ਮੁੱਖ ਮੰਤਰੀ ਸੀ ਅਤੇ ਦੂਸਰੇ ਮੁੱਖ ਮੰਤਰੀ ਬਨਣ ਹੀ ਵਾਲੇ ਸਨ। ਚਾਹੇ ਉਹ ਆਪਣੀ ਤਰਫੋਂ ਦੂਸਰਿਆਂ ਨੂੰ ਦੋਸ਼ੀ ਠਹਿਰਾਉਂਦੇ ਰਹੇ, ਪਰੰਤੂ ਅਸਲੀਅਤ ਇਹੀ ਹੈ ਕਿ ਉਨ੍ਹਾਂ ਦੇ ਪਦ, ਧੰਨ, ਆਦਿ ਮੂਲਕ ਨੀਚ ਸੁੱਖ ਅਨੁਰਾਗ ਹੀ ਉਨ੍ਹਾਂ ਦੇ ਭਵਿੱਖ ਨੂੰ ਮਿਟਾਉਣ ਦਾ ਮੁੱਖ ਕਾਰਨ ਬਣੇਂ। ਇਸੀ ਪ੍ਰਕਾਰ ਘਮੰਡ ਦੇ ਨੀਚ ਸੁਖ ਅਨੁਰਾਗ ਤੋਂ ਪ੍ਰਾਪਤ ਹਾਨੀਂ ਦਾ ਜਿਕਰ ਕਰਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਕਿਸ ਪ੍ਰਕਾਰ Switzerland ਦੇ ਘੜੀ ਨਿਰਮਾਤਾਵਾਂ ਨੇ ਆਪਣੇ ਘਮੰਡ ਦੇ ਕਾਰਨ ਵਿਸ਼ਵ ਵਿੱਚ ਆਪਣਾ ਸਰਬ ਉੱਚ ਸਥਾਨ ਖੋਹ ਦਿੱਤਾ। ਪਰਮ ਪੂਜਨੀਕ ਭਗਵਾਨ ਦੇਵ ਆਤਮਾ ਨੇ ਆਪਣੀਆਂ ਦੇਵ ਸ਼ਕਤੀਆਂ ਦੇ ਸੰਚਾਰ ਨਾਲ ਇੱਕ ਇੱਕ ਮਹਾਂ ਘਮੰਡੀ ਵਿਅਕਤੀ ਦੇ ਜੀਵਨ ਵਿਚੋਂ ਘਮੰਡ ਦਾ ਨਾਸ਼ ਕਰਕੇ ਉਸ ਵਿੱਚ ਦੀਨਤਾ ਪੈਦਾ ਕਰਨ ਦਾ ਲੱਗਭਗ ਅਸੰਭਵ ਕੰਮ ਕੀਤਾ ਹੈ। ਉਨ੍ਹਾਂ ਦੀਆਂ ਦੇਵ ਸ਼ਕਤੀਆਂ ਹੀ ਮਨੁੱਖ ਨੂੰ ਉਨ੍ਹਾਂ ਦੇ ਆਤਮਾ ਦੀ ਗਠਨ ਦਾ ਸਵਰੂਪ ਦਿਖਾ ਸਕਦੀਆਂ ਹਨ, ਅਤੇ ਉਸਦੇ ਆਤਮਿਕ ਅੰਧਕਾਰ ਨੂੰ ਦੂਰ ਕਰਕੇ ਉਸ ਨੂੰ ਆਪਣੇ ਸਾਰ ਅਤੇ ਮੁੱਖ ਅਸਿਤਿੱਤਵ ਆਤਮਾ ਦੀ ਰੱਖਿਆ ਅਤੇ ਵਿਕਾਸ ਦੇ ਮਾਰਗ ਤੇ ਪਾ ਸਕਦੀਆਂ ਹਨ।

ਸਭਾ ਦੇ ਅੰਤ ਵਿੱਚ ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿੰਘ ਜੀ ਨੇ ਆਉਣ ਵਾਲੇ ਮਹਿਮਾਨਾਂ ਦਾ ਤੇ ਵਕਤਾਵਾਂ ਦਾ ਧੰਨਵਾਦ ਕੀਤਾ।

ਇਸ ਸ਼ੁਭ ਜਨਮ ਦਿਨ ਦੇ ਅਵਸਰ ਤੇ ਰਾਤ ਨੂੰ ਸਾਰੀ ਧਰਮਸ਼ਾਲਾ ਵਿੱਚ ਰੋਸ਼ਨੀ ਕੀਤੀ ਗਈ। ਅਤੇ ਕੁਝ ਵਿਸ਼ਿਸ਼ਟ ਲੌਕਲ ਸੇਵਕਾਵਾਂ ਦੇ ਘਰ ਤੇ ਵੀ ਰੋਸ਼ਨੀ ਦਾ

ਆਯੋਜਨ ਕੀਤਾ ਗਿਆ।

10-12-2003 ਮਹਾਂ ਉਤਸਵ ਦਾ ਆਖਰੀ ਦਿਨ
ਪਹਿਲੀ ਸਭਾ 8:30 ਸਵੇਰੇ
ਸਭਾਪਤੀ ਸ਼੍ਰੀਮਾਨ ਬਲਬਹਾਦੁਰ ਸਿਘ ਜੀ

ਭਜਨ ਦੇ ਗਾਣ ਦੇ ਬਾਅਦ ਅਰਚਨ, ਦੇਵ ਸਤੋਤਰ ਦਾ ਗਾਣ ਕੀਤਾ ਗਿਆ ਅਤੇ ਵਿਆਖਿਆ ਕੀਤੀ ਗਈ। ਚਾਰ ਨਵੇਂ ਸੁਭਾਗਵਾਨ ਜਨਾਂ ਨੂੰ ਗੁਰੂ ਚਰਨਾਂ ਵਿੱਚ ਦੀਕਸ਼ਿਤ ਕਰਨ ਦੇ ਲਈ ਅੱਗੇ ਬਿਠਾਇਆ ਗਿਆ। ਫਿਰ ਸਭਾਪਤੀ ਜੀ ਨੇ ਆਸ਼ੀਰਵਾਦ ਪ੍ਰਾਥਣਾ ਕਰਕੇ ਨਵੇਂ ਜਨ੍ਹਾਂ ਦੀ ਜਾਣਕਾਰੀ ਕਰਵਾਉਣ ਲਈ ਕਿਹਾ।

1. **ਸ੍ਰੀ ਆਸਾ ਸਿੰਘ ਜੀ ਸਾਹਣੀ** :- ਆਪ ਜੀ ਦੀ ਉਮਰ 83 ਸਾਲ ਤੋਂ ਉੱਪਰ ਹੈ ਆਪ ਪਦਮਪੁਰ ਵਿੱਚ ਪਿਛਲੇ 12-14 ਸਾਲ ਤੋਂ ਸਭਾਵਾਂ ਵਿੱਚ ਆ ਰਹੇ ਹਨ। ਮੰਸਾ ਸਿੰਘ ਜੀ ਗਰੋਵਰ ਜੋ ਹਰ ਰੋਜ ਦੋਨੋਂ ਸਮੇਂ ਘੰਟਾ ਘੰਟਾ ਗ੍ਰੰਥਾਂ ਦਾ ਪਾਠ ਅਤੇ ਵਿਚਾਰ ਦੀਆਂ ਸਭਾਵਾਂ ਕਰਵਾਉਂਦੇ ਹਨ, ਉਨ੍ਹਾਂ ਤੋਂ ਵੀ ਲਾਭ ਉਠਾਉਂਦੇ ਰਹੇ ਹਨ। ਪਿਛਲੇ ਸਾਲ ਤੋਂ ਇਨ੍ਹਾਂ ਤੇ ਸੰਗਤ ਦਾ ਵਿਸ਼ੇਸ਼ ਅਸਰ ਹੋਣ ਲੱਗਾ। ਉਸ ਤੋਂ ਉਨ੍ਹਾਂ ਨੇ ਕਈ ਹਜਾਰ ਦੇ ਹਾਨੀ ਪਰਿਸ਼ੋਧ ਕੀਤੇ। ਰੇਲਵੇ ਤੋਂ ਜਿਆਦਾ ਮਿਲਣ ਵਾਲੇ ਪੈਸੇ ਵਾਪਸ ਕੀਤੇ। ਬਚਪਨ ਵਿੱਚ 70-75 ਸਾਲ ਪਹਿਲੇ ਦੀ ਹੋਈ ਮਾਤਾ ਦੇ ਸਬੰਧ ਵਿੱਚ ਘੋਰ ਅਪਮਾਨਜਨਕ ਕ੍ਰਿਆ ਦੇ ਲਈ ਬਹੁਤ ਦੁੱਖ ਦੇ ਨਾਲ ਕਿਤਨੀ ਹੀ ਦਫਾ ਸਭਾਵਾਂ ਵਿਚ ਖੜੇ ਹੋਕੇ ਰੁਦਨ ਕੀਤਾ। ਹਜ਼ਾਰਾਂ ਰੂਪੈ ਜੋਰ ਦੇ ਕੇ ਦੇ ਚੁੱਕੇ ਹਨ। ਸਭਾ ਕਰਵਾਉਣ ਵਾਲਿਆਂ ਨੂੰ ਉਮਰ ਵਿੱਚ ਵੱਡੇ ਹੋਕੇ ਵੀ ਸਨਮਾਨ ਦਿੰਦੇ ਹਨ। ਡਾ. ਮੰਸਾ ਸਿੰਘ ਜੀ ਇਨ੍ਹਾਂ ਦੇ ਸੇਵਕ ਬਣਨ ਤੋਂ ਬਹੁਤ ਪ੍ਰਭਾਵਿਤ ਹੋਕੇ ਉਨ੍ਹਾਂ ਦੀ ਜਾਨਕਾਰੀ ਦੇ ਰਹੇ ਸਨ।

2. **ਸ੍ਰੀ ਗੁਪਾਲ ਚੰਦ ਜੀ (ਮੰਡੀ ਰਾਜ ਸਿਘ ਪੁਰਾ)** ਆਪ 22-23 ਸਾਲ ਦੇ ਨੌਜਵਾਨ ਹਨ। ਆਪ ਕਈ ਸਾਲ ਤੋਂ ਪਦਮਪੁਰ ਅਤੇ ਰਾਜ ਸਿਘ ਪੁਰਾ ਵਿੱਚ ਸਭਾਵਾਂ ਸੁਣਦੇ ਆ ਰਹੇ ਹੋ। ਇੱਕ ਦੋ ਸਾਲ ਤੋਂ ਸੱਤਿ ਧਰਮ ਬੋਧ ਉਤਸਵ ਅਤੇ ਮਹਾਂਉਤਸਵ ਤੇ ਵੀ ਆਕੇ ਲਾਭ ਉਠਾਉਂਦੇ ਰਹੇ ਹਨ। ਸਮਾਜ ਵਿੱਚ ਆਉਣ ਤੋਂ ਪਹਿਲਾਂ ਆਪ ਰਾਧਾ ਸੁਆਮੀ ਮਤ, ਬ੍ਰਹਮਕੁਮਾਰੀ ਮਤ ਨਾਲ ਜੁੜੇ ਹੋਏ ਸਨ ਅਤੇ ਮੋਟੇ ਪਾਪਾਂ ਤੋਂ ਬਚੇ ਹੋਏ ਸਨ। ਸਮਾਜ ਦੇ ਸੰਪਰਕ ਵਿੱਚ ਆਕੇ ਇਨ੍ਹਾਂ ਦੇ ਪਿਤਾ ਜੀ ਅਤੇ ਦਾਦਾ ਜੀ ਅਤੇ ਉਨ੍ਹਾਂ ਨੇ ਖੁਦ ਆਪਣੀਆਂ ਦੁਕਾਨਾਂ ਤੇ ਨਸ਼ੇ, ਤੰਬਾਕੂ, ਬੀੜੀ ਸਿਗਰੇਟ ਜਰਦਾ, ਪਾਨ ਮਸਾਲਾ ਅਤੇ ਅੰਡੇ ਆਦਿ ਵੇਚਣਾਂ ਕੋਈ ਸਾਲ ਭਰ ਜਾਂ ਅਧਿਕ ਸਮੇਂ ਤੋਂ ਬਿਲਕੁਲ ਬੰਦ ਕਰ ਦਿੱਤਾ ਹੈ। ਉਹ ਵੀ ਗ੍ਰੰਥਾਂ ਦਾ ਪਾਠ ਕਰਨ ਦਾ ਸ਼ੋਕ ਰੱਖਦੇ ਹਨ। ਡਾ. ਸਾਹਿਬ ਤੋਂ ਵੀ ਬਹੁਤ ਲਾਭ ਉਠਾਉਂਦੇ ਹਨ।

3. **ਬਲਦੇਵ ਸਿਘ (ਮੱਲੇਕਾ)** :- ਆਪ 45-50 ਸਾਲ ਦੇ ਕਰੀਬ ਹਨ। ਇਹ ਜਿਮੀਂਦਾਰ ਕਲਾਸ ਨਾਲ ਸੰਬੰਧ ਰੱਖਦੇ ਹਨ। ਇਹ ਚੰਗੇ ਸਮਝਦਾਰ ਪੜ੍ਹੇ ਲਿਖੇ ਹਨ। ਇਹ ਕਿੰਨੇ ਸਾਲਾਂ ਤੋਂ ਸਭਾਵਾਂ ਵਿੱਚ ਆ ਰਹੇ ਹਨ। ਕਲਿਆਣ ਸਤਿਸੰਗ ਵਿਚ ਪਹੁੰਚਦੇ ਰਹੇ ਹਨ। ਕਲਿਆਣ ਸਤਿਸੰਗ ਵਿਚ ਆਪਨੇ ਮਾਂਸ ਸ਼ਰਾਬ ਛੱਡ ਦਿਤਾ ਸੀ। ਤਿੰਨ ਸਾਲ ਬਾਅਦ ਫਿਰ ਖਾਣਾ ਪੀਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਫਿਰ ਦੋ ਬਾਰ ਮਲ੍ਹੇਕਾ ਸਤਿਸੰਗ ਵਿਚ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਸਭ ਮੋਟੇ ਪਾਪ ਛੱਡਣ ਦੀ ਪ੍ਰਤਿਗਿਆ ਕੀਤੀ। ਹੁਣ ਕੁੱਝ ਸਾਲਾਂ ਤੋਂ ਆਪਣੀਆਂ ਪ੍ਰਤਿਗਿਆਵਾਂ ਤੇ ਕਾਇਮ ਹਨ ਉਹ ਖੁਸ਼ੀ ਖੁਸ਼ੀ ਸੇਵਕ ਬਣ ਰਹੇ ਸਨ।

4. **ਸ੍ਰੀ ਗਿਆਨ ਸਿੰਘ** :- ਆਪ 40 ਸਾਲ ਦੇ ਨੌਜਵਾਨ ਹਨ। ਆਪ ਸਾਲਾਂ ਤੋਂ ਸਤਿਸੰਗ ਵਿੱਚ ਆ ਰਹੇ ਹੋ। ਕਲਿਆਣ, ਕੇਸੂਪੁਰ ਅਤੇ ਚੰਡੀਗੜ੍ਹ ਸਤਿਸੰਗ ਵਿੱਚ ਪਹੁੰਚ ਰਹੇ ਹਨ। ਆਪ ਨੇ ਕਈ ਸਾਲਾਂ ਤੋਂ ਸ਼ਰਾਬ, ਮਾਸ, ਸਭ ਨਸ਼ੇ ਆਦਿ ਤਿਆਗ ਦਿੱਤੇ ਹਨ। ਆਪ ਸ਼੍ਰੀ ਸੁਖਦੇਵ ਸਿਘ ਜੀ ਜੋਸਨ ਦੇ ਨਜ਼ਦੀਕੀ ਰਿਸ਼ਤੇਦਾਰ ਹਨ, ਜੋ ਗੁਰੂ ਦੇ ਚੰਗੇ ਸੇਵਕਾਂ ਵਿਚੋਂ ਹਨ।

ਉਨ੍ਹਾਂ ਸਾਰਿਆਂ ਨੂੰ ਵਿਜੈ ਪਤਾਕਾ ਦੇ ਨੀਚੇ ਖੜਾ ਕਰਕੇ ਬਹੁਤ ਉੱਤਮ ਢੰਗ ਨਾਲ ਪ੍ਰਤਿਗਿਆ ਕਰਵਾਈਆਂ ਗਈਆਂ। ਅਤੇ ਪ੍ਰਤਿਗਿਆਂ ਦੇ ਬਾਅਦ ਬਹੁਤ ਸਾਰੇ ਲੋਕਾਂ ਦੁਆਰਾ ਉਨ੍ਹਾਂ ਨੂੰ ਹਾਰ ਪਹਿਨਾਕੇ ਸਨਮਾਨ ਦਿੱਤਾ ਅਤੇ ਆਪਣੀ ਖੁਸ਼ੀਆਂ ਦਾ ਪ੍ਰਕਾਸ਼ ਕੀਤਾ ਅਤੇ ਦਾਨ ਵੀ ਦਿੱਤਾ। ਸਾਰਿਆਂ ਨੇ ਨਵੇਂ ਸੇਵਕਾਂ ਨੂੰ ਖੁਸ਼ੀ ਖੁਸ਼ੀ ਮੁਬਾਰਕਬਾਦ ਦਿੱਤੀ ਜਿਸ ਤੋਂ ਬਾਅਦ ਭਾਵ ਪ੍ਰਕਾਸ਼ ਦੀ ਸਭਾ ਕੀਤੀ ਗਈ। ਇਸ ਸਭਾ ਦੇ ਸਭਾਪਤੀ ਸ਼੍ਰੀਮਾਨ ਬਲਦੇਵ ਸਿੰਘ ਜੀ ਸਨ।

ਭਾਵ ਪ੍ਰਕਾਸ਼

ਸ੍ਰੀ ਬੂਟਾ ਸਿੰਘ ਜੀ :- ਮੈਂ ਬਹੁਤ ਰੱਦੀ ਅਤੇ ਘਟੀਆ ਹਾਂ। ਜਿਹੜੇ ਦਿਨ ਮੈਂ ਸਭਾਵਾਂ Miss ਕੀਤੀਆਂ ਹਨ ਉਨ੍ਹਾਂ ਦਾ ਮੈਂ ਘਾਟਾ ਮਹਿਸੂਸ ਕਰ ਰਿਹਾ ਹਾਂ। ਅੱਗੇ ਤੋਂ ਐਸਾ ਕਰਨ ਤੋਂ ਬਚੂੰਗਾ। ਸਭਾਵਾਂ ਵਿੱਚ ਆਕੇ ਉਪਕਾਰੀ ਹੋਰ ਯਾਦ ਆਏ ਹਨ। ਸ਼੍ਰੀਮਾਨ ਜੀ ...ਨੇ ਮੇਰੀ ਬਹੁਤ ਸਹਾਇਤਾ ਕੀਤੀ ਹੈ, ਮੈਂ ਉਨ੍ਹਾਂ ਦਾ ਅਪਮਾਨ ਕਰਦਾ ਰਿਹਾ ਹਾਂ (ਰੋ ਰੋਕਰ) ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਅੱਗੇ ਤੋਂ ਉਨ੍ਹਾਂ ਦਾ ਕਦੇ ਵੀ ਅਪਮਾਨ ਨਹੀਂ ਕਰੂੰਗਾ, ਇਸ ਤੋਂ ਬਚੂੰਗਾ। ਮੇਰਾ ਦਿਲ ਭਰ ਭਰ ਕੇ ਆ ਰਿਹਾ ਹੈ ਮੈਂ ਹੋਰ ਵੀ ਬਹੁਤ ਆਪਣੇ ਦਿਲ ਦੇ ਵਿਚਾਰਾਂ ਨੂੰ ਦੱਸਣਾ ਚਾਹੁੰਦਾ ਹਾਂ ਪਰੰਤੂ ਸਟੇਜ਼ ਤੇ ਬੋਲ ਨਹੀਂ ਪਾ ਰਿਹਾ।

ਸ਼੍ਰੀਮਾਨ ਜੰਗੀਰ ਸਿੰਘ ਜੀ :- ਮੈਂ ਆਪਣੇ ਉਪਕਾਰੀ ਸ਼੍ਰੀਮਾਨ ਸੁਖਦੇਵ ਸਿੰਘ ਜੀ ਜੋਸਿਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਨਿਰਾਲੇ ਦਰ ਨਾਲ ਜੋੜਿਆ ਹੈ। ਮੈਂ ਸ਼੍ਰੀਮਾਨ (ਸਭਾਪਤੀ) ਜੀ ਨਾਲ ਖਾਰ ਖਾਂਦਾ ਸੀ ਉਨ੍ਹਾਂ ਨੂੰ ਬਹੁਤ ਬੁਰਾ ਸਮਝਦਾ ਸੀ। ਜਿਨ੍ਹਾਂ ਸ਼੍ਰੀਮਾਨ ਜੀ ਨੇ ਸੰਗਰਾਮ ਕੀਤਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ। ਬਿਰਾਨੇ ਵਿੱਚ ਜਾਕੇ ਪੌਦੇ ਨੂੰ ਪਾਣੀ ਦੇ ਕੇ ਜਿੰਦਾ ਰੱਖਦੇ ਹਨ। ਮੈਂ ਅਪਰਾਧੀ ਹਿਰਦਾ ਰੱਖਦਾ ਹਾਂ। ਮਹਾਰਾਜ ਦੀ ਫੋਟੋ ਨੂੰ ਬੁਰਾ ਭਲਾ ਬੋਲਦਾ ਸੀ। ਮੈਂ ਹੁਣ ਆਖਰੀ ਸਾਹ ਤੱਕ ਸਮਾਜ ਨਾਲ ਜੁੜਿਆ ਰਹਾਂਗਾ। ਮੈਂ ਸਿੱਖ ਧਰਮ ਵਿੱਚ ਗੂੜ੍ਹ ਵਿਸ਼ਵਾਸ਼ੀ ਤੇ ਕੱਟੜ ਬਣਾ ਹੋਇਆ ਸੀ। ਪਾਠ ਪੂਜਾ ਵੀ ਬਹੁਤ ਕਰਦਾ ਸੀ। ਸੇਵਾ ਵੀ ਕਰਦਾ ਸੀ ਪਰੰਤੂ ਘਮੰਡ ਨੀਚ ਘ੍ਰਿਣਾਂ ਤੋਂ ਭਰਿਆ ਹੋਇਆ ਸੀ ਅਤੇ ਲੜਾਕਾ ਸੀ। ਮੇਰਾ ਘਰ ਉਜੜਿਆ ਵਸਿਆ ਹੈ। ਆਪਣੀ ਛੋਟੀ ਜਿਹੀ ਬੇਟੀ ਨੂੰ ਬਹੁਤ ਮਾਰਦਾ ਸੀ। ਮੇਰੀਆਂ ਦੋ ਲੜਕੀਆਂ ਹਨ ਤੇ ਦੋਨੋਂ ਲੜਕਿਆਂ ਤੋਂ ਜਿਆਦਾ ਪਿਆਰੀਆਂ ਹਨ। ਗੁਰੂ ਮਹਾਰਾਜ ਦੀ ਕ੍ਰਿਪਾ ਦੇ ਨਾਲ ਇਹ ਸੋਚ ਹੀ ਪੈਦਾ ਨਹੀਂ ਹੋਈ ਕਿ ਲੜਕੀ ਕੀ ਤੇ ਲੜਕਾ ਕੀ? ਕਦੇ ਲੜਕੇ ਦੀ ਤਕਲੀਫ ਮਹਿਸੂਸ ਨਹੀਂ ਹੋਈ। ਉਨ੍ਹਾਂ ਬੱਚਿਆਂ ਦੀ ਪਾਲਣਾ ਵਿਚ ਕਦੇ ਕੋਈ ਕਮੀ ਨਹੀਂ ਰਖੀ ਕਿ ਉਹ ਲੜਕੀਆਂ ਹਨ। ਮੈਂ ਇੱਥੇ ਆਉਂਦਾ ਹਾਂ ਤਾਂ ਡਾਕਟਰ ਸੇਵਕ ਪ੍ਰਸਾਦ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਿਰ ਝੁਕਾ ਕੇ ਧੰਨਵਾਦ ਦਿੰਦਾ ਹਾਂ ਕਿ ਜੋ ਸਾਨੂੰ ਮਹਾਂਉਤਸਵ ਦੇ ਲਈ ਇਨੀ ਵੱਡੀ ਸਹਾਇਤਾ ਕਰਦੇ ਹਨ। ਪ੍ਰਵੇਸ਼ ਸਭਾ ਨੇ ਮੇਰੇ ਕਪਾਟ ਖੋਲ ਦਿੱਤੇ, ਬਹੁਤ ਪ੍ਰਭਾਵ ਮਿਲੇ। ਮੈਂ ਪਿੰਗਲਾ ਸੀ ਮੈਨੂੰ ਬਚਾਇਆ ਗਿਆ। ਡਾ. ਖੇੜਾ ਸਾਹਿਬ ਜੀ ਨੇ Lecture ਵਿੱਚ ਕਮਾਲ ਨਾਲ ਇੱਕ ਇੱਕ ਚੀਜ ਸਮਝਾਈ ਗਈ। ਸ਼੍ਰੀਮਤੀ ਸੁਰਜੀ ਬਰਾੜ ਜੀ ਦੇ Lecture ਨੇ ਮੇਰੇ ਘਰ ਨੂੰ ਸੰਵਾਰਿਆ ਹੈ ਮੇਰੀ ਪਤਨੀ ਨੂੰ ਆਪਣਾ ਆਪ ਨਜ਼ਰ ਆਇਆ ਅਤੇ ਉਹ ਝੱਟ ਸੇਵਿਕਾ ਬਣਨ ਨੂੰ ਤਿਆਰ ਹੋ ਗਈ।

ਸ੍ਰੀ ਸੁਖਦੇਵ ਸਿੰਘ :- ਮੇਰੀ ਖੁਸ਼ੀ ਦੀ ਕੋਈ ਸੀਮਾ ਨਹੀਂ ਰਹੀ ਕਿ ਮੈਂ ਅਜਿਹੇ ਅਦੁੱਤੀ ਪਰਮਪੂਜਨੀਕ ਸਤਿਗੁਰੂ ਦੇ ਸ਼ੁਭ ਜਨਮ ਮਹਾਂਉਤਸਵ ਵਿੱਚ ਸ਼ਾਮਿਲ ਹਾਂ। ਅਗਰ ਮੈਨੂੰ ਕੋਈ ਪੁੱਛੇ ਕਿ ਮੇਰਾ ਲਾਭ ਤੇ ਖੁਸ਼ੀ ਦਾ ਦਿਨ ਕਿਹੜਾ ਹੈ ਤਾਂ ਮੈਨੂੰ ਸਭ ਤੋਂ ਖੁਸ਼ੀ ਦਾ ਦਿਨ ਉਹ ਲਗਦਾ ਹੈ ਕਿ ਜਿਸ ਦਿਨ ਸਤਿ ਅਨੁਰਾਗੀ ਅਤੇ ਹਿਤ ਅਨੁਰਾਗੀ ਦੇਵ ਆਤਮਾ ਪ੍ਰਗਟ ਹੋਏ। ਮੇਰੇ ਦਾਤਾ ਨੇ ਮੈਨੂੰ ਕੀ ਕੀ ਦਿੱਤਾ ਹੈ ਇਸਨੂੰ ਦੱਸਣ ਲਈ ਮੇਰੇ ਕੋਲ ਨਾ ਤਾਂ ਖਾਸ ਦਿਲ ਹੈ ਨਾ ਹੀ ਚੰਗਾ ਦਿਮਾਗ। ਅਗਰ ਮੈਂ ਇਹ ਕਹਾਂ ਕਿ ਮੇਰੇ ਸਤਿਗੁਰੂ ਨੇ ਮੈਨੂੰ ਮਿੱਥਿਆ ਤੋਂ ਬਚਾਇਆ ਹੈ ਤਾਂ ਇਹ ਵੀ ਮੈਂ ਅਧੂਰਾ ਉੱਤਰ ਮੰਨਦਾ ਹਾਂ ਅਗਰ ਇਹ ਵੀ ਕਹਾਂ ਕਿ ਮੇਰੇ ਦਾਤਾ ਨੇ ਮੈਨੂੰ ਮੋਟੇ ਪਾਪਾਂ ਤੋਂ ਬਚਾਇਆ ਹੈ ਅਤੇ ਕਈ ਸੂਖਮ ਪਾਪਾਂ ਤੋਂ ਵੀ ਬਚਾ ਰਹੇ ਹਨ ਤਾਂ ਵੀ ਅਧੂਰਾ ਉੱਤਰ ਹੀ ਮੰਨਦਾ ਹਾਂ। ਅਗਰ ਇਹ ਕਹਾਂ ਕਿ ਮੇਰੇ ਸੰਬੰਧਾਂ ਵਿੱਚ ਮੇਰਾ ਬਹੁਤ ਹਿੱਤ ਹੋਇਆ ਹੈ ਤਾਂ ਵੀ ਇਹ ਅਧੂਰਾ ਉਤਰ ਹੀ ਹੋਵੇਗਾ। ਇਹ ਅਧੂਰਾ ਤਦ ਤੱਕ ਰਹੇ ਗਾ ਜਦੋਂ ਤੱਕ ਮੈਨੂੰ ਇਹ ਗਹਿਰਾਈ ਦਾ ਪਤਾ ਨਹੀਂ ਚੱਲਦਾ ਕਿ ਮੇਰੇ ਦਾਤਾ ਨੇ ਕਿਹੜੀਆਂ ਹਾਲਤਾਂ ਵਿੱਚ ਗੁਜਰ ਕੇ ਕਿਸ ਤਰ੍ਹਾਂ ਅਦੁੱਤੀ ਤਿਆਗਾਂ ਤੇ ਅਦੁੱਤੀ ਦੁੱਖਾਂ ਨੂੰ ਆਪਣੇ ਉੱਪਰ ਲੈਕੇ ਸਾਨੂੰ ਦੁਰਬਲ ਮਨੁੱਖ ਆਤਮਾਵਾਂ ਨੂੰ ਬਚਾਇਆ ਹੈ। ਜਦੋਂ ਤੱਕ ਇਸ ਆਧਾਰ ਦੀ ਗਹਿਰਾਈ ਨਜ਼ਰ ਨਹੀਂ ਆਉਂਦੀ ਤਦ ਤੱਕ ਮੇਰੇ ਦਾਤਾ ਦੇ ਉਪਕਾਰਾਂ ਨੂੰ ਸਮਝਨਾ ਮੈਂ ਅਧੂਰਾ ਹੀ ਸਮਝਦਾ ਹਾਂ। ਮੈਂ ਦੁਰਬਲ ਜੀਵ ਅਜਿਹੇ ਗੁਰੂ ਦੇ ਅਦੁੱਤੀ ਤਿਆਗਾਂ ਤੇ ਅਦੁੱਤੀ ਦੁੱਖਾਂ ਨੂੰ ਤਾਂ ਕੀ ਮਹਿਸੂਸ ਕਰ ਸਕਦਾ ਹਾਂ, ਮੈਂ ਤਾਂ ਇੱਕ ਇੱਕ ਉੱਚ ਕ੍ਰਮਚਾਰੀ ਦੇ ਅਨੋਖੇ ਤਿਆਗਾਂ

ਨੂੰ ਸਾਹਮਣੇ ਲਿਆਉਣ ਦੇ ਯੋਗ ਨਹੀਂ ਹਾਂ ਕਿ ਜਿਨ੍ਹਾਂ ਨੇ ਦੇਵਰਾਜ ਫੈਲਾਉਣ ਦੇ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ। ਜੋ ਮੈਨੂੰ ਏਸੇ ਅਦੁੱਤੀ ਗ੍ਰੰਥ ਪੜ੍ਹਣ ਨੂੰ ਮਿਲੇ ਹਨ ਅਤੇ ਐਸਾ ਵਿਸ਼ੇਸ਼ ਵਾਤਾਵਰਨ ਮਿਲਿਆਂ ਹੈ ਤੇ ਮਿਲ ਰਿਹਾ ਹੈ ਉਨ੍ਹਾਂ ਤੋਂ ਇਹ ਵਿਸ਼ਵਾਸ਼ ਹੋ ਗਿਆ ਹੈ ਕਿ ਅਗਰ ਮੇਰਾ ਨੀਚ ਜੀਵਨ ਕਟ ਸਕਦਾ ਹੈ ਅਤੇ ਯੋਗਤਾ ਹੋਣ ਤੇ ਕੁਝ ਉੱਚ ਭਾਵ ਪੈਦਾ ਹੋ ਸਕਦੇ ਹਨ ਤਾਂ ਉਹ ਸਿਰਫ ਅਤੇ ਸਿਰਫ ਦੇਵ ਆਤਾਮਾ ਦੇ ਦੇਵ ਪ੍ਰਭਾਵਾਂ ਨਾਲ। ਐਸਾ ਅਧਿਕਾਰ ਮੈਨੂ ਮਿਲ ਰਿਹਾ ਹੈ, ਜੋ ਇੱਕ ਵੱਡੇ ਵੱਡੇ ਸਾਇੰਸ ਦਾਨ ਨੂੰ ਨਹੀਂ ਮਿਲਿਆ। ਮੇਰੇ ਸੰਬੰਧਾਂ ਵਿੱਚ ਹਿੱਤਕਰ ਮੇਲ ਆਇਆ ਹੈ। ਮੇਰੀ ਭੈਣ ਜੀ ਜੋ ਮੇਰੀ ਬਹੁਤ ਹੀ ਹਿੱਤਕਾਰੀ ਹੈ ਉਨ੍ਹਾਂ ਨੂੰ ਇਸ ਮਹਾਂਉਤਸਵ ਵਿੱਚ ਬੈਠਾ ਦੇਖਕੇ ਧੰਨ ਧੰਨ ਮਹਿਸੂਸ ਕਰ ਰਿਹਾ ਹਾਂ। ਆਪ ਮੈਨੂ ਬਹੁਤ ਪਿਆਰ ਕਰਦੀਆਂ ਹੋ। ਆਪ ਆਪਣੇ ਬੱਚਿਆਂ ਦੀ ਪੜਾਈ ਦੀ ਪਰਵਾਹ ਨਾ ਕਰਕੇ ਵੀ ਇੱਥੇ ਪਹੁੰਚੇ ਹੋ। ਮੇਰੀ ਇੱਛਾ ਦਾ ਖਿਆਲ ਕਰਕੇ ਬੜੀ ਮੁਸ਼ਕਲ ਨਾਲ ਇੱਥੇ ਆਈਆਂ। ਆਪ ਭਗਵਾਨ ਦੇਵ ਆਤਮਾ ਨੂੰ ਨਹੀਂ ਜਾਣਦੀਆਂ ਪਰੰਤੂ ਮੇਰੇ ਨਾਲ ਗੂੜ੍ਹ ਸੰਬੰਧ ਮਹਿਸੂਸ ਕਰਕੇ ਮੁਸ਼ਕਲ ਹਾਲਤਾਂ ਵਿੱਚ ਗੁਜਰ ਕੇ ਇੱਥੇ ਪਹੁੰਚੀਆਂ ਹੋ। ਇਨ੍ਹਾਂ ਨੂੰ ਜਿੰਨ੍ਹਾਂ ਧੰਨਵਾਦ ਦੇ ਸਕਾਂ ਉਨ੍ਹਾਂ ਹੀ ਘੱਟ ਹੈ। ਮੈਂ ਆਪਣੇ ਸੁਭਾਗ ਦੀ ਕੋਈ ਸੀਮਾ ਨਹੀਂ ਸਮਝਦਾ, ਜਿਸਦਾ ਮੈ ਕਦੇ ਅਧਿਕਾਰੀ ਨਹੀਂ ਹੋ ਸਕਦਾ ਸੀ। ਹਿਰਦੇ ਵਿੱਚ ਕਈ ਵਾਰੀਂ ਇਹ ਵੀ ਖਿਆਲ ਉਠਦਾ ਹੈ ਕਿ ਨੇਚਰ ਨੇ ਮੈਨੂੰ ਉਹ ਸਭ ਕੁੱਝ ਦਿਤਾ ਜੋ ਕਦੇ ਮੈਂ ਕਲਪਨਾ ਵਿੱਚ ਵੀ ਨਹੀਂ ਸੋਚਾ ਕਰਦਾ ਸੀ। ਮੇਰੇ ਏਸੇ ਸ਼ਰਧੇ ਮਾਤਾ ਪਿਤਾ ਹਨ, ਐਸੇ ਹੀ ਭਾਈ ਭੈਣ ਦਿੱਤੇ ਹਨ। ਅਜਿਹੇ ਮਿਤਰ ਦਿੱਤੇ ਹਨ ਅਜਿਹੇ ਸਾਥੀ ਸੇਵਕ ਤੇ ਐਸੇ ਕਰਮਚਾਰੀਆਂ ਦੀ ਸੰਗਤ ਵਿਚ ਰਹਿਣ ਦਾ ਮਹਾਂ ਸੁਭਾਗ ਦਿੱਤਾ ਹੈ, ਜਿਸਨੂੰ ਪਾਕੇ ਮੈਂ ਧੰਨ ਧੰਨ ਹੋ ਗਿਆ ਹਾਂ। ਮੇਰੇ ਅੰਦਰ ਸ਼ੁਕਰ ਗੁਜਾਰੀ ਨਾ ਹੋਣ ਦੇ ਕਾਰਣ ਵੈਸੇ ਤਾਂ ਜੀਵਨ ਦੇ ਲਿਹਾਜ ਨਾਲ ਕਈ ਪੱਖਾਂ ਤੋਂ ਬਹੁਤ ਵੱਡਾ ਘਾਟਾ ਰਹਿ ਜਾਵੇਗਾ, ਪਰੰਤੂ ਮੈਨੂੰ ਸਭ ਤੋਂ ਵੱਡਾ ਘਾਟਾ ਇਸ ਗੱਲ ਦਾ ਲੱਗ ਰਿਹਾ ਹੈ ਕਿ ਐਸੇ ਖਾਸ ਮਾਤਾ ਪਿਤਾ ਤੇ ਭਾਈ ਭੈਣ ਦੇ ਲਈ ਸ਼ੁਕਰ ਗੁਜਾਰੀ ਨਾਲ ਭਰਕੇ ਸੇਵਕਾਰੀ ਨਾ ਹੋ ਸਕਾਂਗਾ। ਮਾਤਾ ਪਿਤਾ ਦਾ ਰੂਪ ਫਰਿਸ਼ਤਾ ਨਜ਼ਰ ਆਉਂਦਾ ਹੈ। ਮੇਰੀ ਭੈਣ ਇੱਕ ਦੇਵੀ ਹੈ। ਹੋ ਸਕਦਾ ਹੈ ਕਿ ਸਾਡੇ ਦੂਜੇ ਪਰਿਵਾਰ ਵਾਲਿਆਂ ਦੇ ਲਈ ਆਪ ਇੱਕ ਮਾਮੂਲੀ ਜਿਹੀ ਕੰਨਿਆ ਸਮਝੀ ਜਾਵੋਂ, ਪਰੰਤੂ ਮੇਰੀ ਲਈ ਆਪ ਇੱਕ ਦੇਵੀ ਹੋਂ।

ਐਸੇ ਗੁਰੂ ਨੂੰ ਪਾ ਕੇ ਇਹ ਮਹਿਸੂਸ ਹੋਇਆ ਕਿ ਨੇਚਰ ਦੇ ਕੋਲ ਸਭ ਤੋਂ ਵੱਧ ਕੇ ਕੀਮਤੀ ਕੋਈ ਖਜਾਨਾ ਹੈ ਤਾਂ ਉਹ ਹੈ ਦੇਵ ਆਤਮਾ ਸਤਿਗੁਰੂ ਦੇ ਦੇਵ ਪ੍ਰਭਾਵ। ਨੇਚਰ ਨੇ ਮੈਨੂੰ ਉਸ ਖਜਾਨੇ ਦੀ ਚਾਬੀ ਦੇ ਦਿੱਤੀ ਹੈ ਕਿ ਜਿਸ ਵਿੱਚ ਜਿੰਨ੍ਹੀ ਯੋਗਤਾ ਹੈ ਉਹ ਖਜਾਨਾ ਲੈ ਜਾਉ। ਇਸ ਦਰ ਨੂੰ ਪਾਕੇ ਮੈਂ ਕਿੰਨਾ ਧੰਨ ਧੰਨ ਹਾਂ ਪਰੰਤੂ ਅਫਸੋਸ ਮਹਾਂ ਅਫਸੋਸ! ਕਿ ਮੇਰੇ ਪਾਸ ਉਹ ਹਿਰਦੇ ਤੇ ਉਹ ਦਿਮਾਗ਼ ਨਹੀਂ ਕਿ ਇਸ ਖਜਾਨੇ ਦੀ ਅਸਲ ਕਦਰ ਜਾਨ ਸਕਾਂ। ਜਦੋਂ ਆਪਣਾ ਨੀਚ ਰੂਪ ਨਜਰ ਆਉਂਦਾ ਹੈ ਤਾਂ ਭਗਵਾਨ ਨੂੰ ਧੰਨ ਧੰਨ ਕਹਿੰਦਾ ਹਾਂ ਅਜਿਹੇ ਵਿਸ਼ੇਸ਼ ਮਹਾਂਉਤਸਵ ਤੇ ਸ਼ਾਮਲ ਹੋਣ ਦੇ ਲਈ ਮੇਰੇ ਲਈ ਵਡੀ ਸ਼ਾਦੀ ਵੀ ਰੁਕਾਵਟ ਨਹੀਂ ਬਣ ਸਕਦੀ।

ਜੋ ਕੁੱਝ ਭਗਵਾਨ ਨੇ ਦਿੱਤਾ ਹੈ ਉਸਦਾ ਬਦਲਾ ਕਦੇ ਵੀ ਦਿੱਤਾ ਨਹੀਂ ਜਾ ਸਕਦਾ। ਹਰ ਪੱਖ ਵਿੱਚ ਹਿੱਤ ਹੋ ਰਿਹਾ ਹੈ ਮੇਰੇ ਦਾਤਾ ਸਰਬ ਹਿਤ ਸੰਪਾਦਕ ਹਨ। ਉਨ੍ਹਾਂ ਦੇ ਉਪਕਾਰਾਂ ਦਾ ਸਿਰਫ ਇੱਕ ਪੱਖ ਦਾ ਵੀ ਬਦਲਾ ਨਹੀਂ ਚੁਕਾਇਆ ਜਾ ਸਕਦਾ ਚਾਹੇ ਮੈਂ ਭਗਵਾਨ ਦੇ ਮਿਸ਼ਨ ਵਿੱਚ ਸਾਰੀ ਜਿੰਦਗੀ ਭਰ ਭੀ ਸੇਵਕਾਰੀ ਹੋ ਸਕਾਂ। ਦਿਲ ਵਿੱਚ ਖਿਆਲ ਉਠਦਾ ਹੈ ਕਿ ਅਗਰ ਮੇਰੇ ਭਗਵਾਨ ਦੀ ਸਿੱਖਿਆ ਉਨ੍ਹਾਂ ਦੇ ਦੇਵ ਪ੍ਰਭਾਵ ਇਸ ਕਦਰ ਮੇਰੇ ਲਈ ਉਪਕਾਰੀ ਨਾ ਵੀ ਹੁੰਦੇ ਤਾਂ ਵੀ ਉਨ੍ਹਾਂ ਦਾ ਜੋ ਸੁੰਦਰ ਰੂਪ ਚਮਕਦਾ ਹੈ, ਉਸਦਾ ਵੀ ਬਦਲਾ ਨਹੀਂ ਦੇ ਸਕਦਾ। ਉਨ੍ਹਾਂ ਦੇ ਅਦੁੱਤੀ ਗ੍ਰੰਥਾਂ ਨੂੰ ਕਈ ਵਾਰ ਚਾਰ ਪੰਜ ਘੰਟੇ ਲਗਾਤਾਰ ਪੜ੍ਹਦੇ ਰਹਿਣ ਤੋਂ ਵੀ ਛੱਡਣ ਨੂੰ ਦਿਲ ਨਹੀਂ ਕਰਦਾ। ਹਿਰਦਾ ਭਰ ਆਉਂਦਾ ਹੈ। ਅਦੁੱਤੀ ਤਿਆਗਾਂ ਨੂੰ ਪੜ੍ਹਕੇ। ਕਿਹੋ ਜਿਹਾ ਦੇਵ ਹਿਰਦਾ ਹੈ, ਕਿ ਮਨੁੱਖ ਆਤਮਾ ਨੂੰ ਬਚਾਉਣ ਲਈ ਸਭ ਜਰੂਰੀ ਅਦੁੱਤੀ ਤਿਆਗ ਤੇ ਅਦੁੱਤੀ ਦੁਖਾਂ ਨੂੰ ਆਪਣੇ ਉਪਰ ਉਠਾ ਲਿਆ। ਐਸੇ Literature ਨੂੰ ਪੜ੍ਹਿਆ ਨਹੀਂ ਜਾਂਦਾ ਅੱਖਾਂ ਵਿੱਚ ਅੱਥਰੂ ਆ ਜਾਂਦੇ ਹਨ। ਹਿਰਦਾ

ਬਿਲਬਿਲਾ ਉਠਦਾ ਹੈ। ਆਪਣੇ ਸਾਥੀਆਂ ਨੂੰ ਅਪੀਲ ਕਰਦਾ ਹਾਂ ਕਿ ਜਿਨ੍ਹਾਂ ਨੂੰ ਜਿੰਦਗੀ Meaningless ਨਜ਼ਰ ਆ ਰਹੀ ਹੋਵੇ, ਜੋ ਜ਼ਿੰਦਗੀ ਤੋਂ ਥੱਕ ਚੁੱਕੇ ਹੋਣ, ਜੋ ਜਿੰਦਗੀ ਤੋਂ ਨਿਰਾਸ਼ ਹੋ ਚੁੱਕੇ ਹੋਣ ਤਾਂ ਮੇਰੇ ਸਤਿਗੁਰੂ ਦੇ ਅਦੁੱਤੀ ਤਿਆਗਾਂ ਨੂੰ ਪੜ ਲੈਣ, ਜਿੰਦਗੀ ਦਾ ਮਤਲਬ ਸਮਝ ਆ ਜਾਵੇਗਾ। ਜਿੰਦਗੀ ਵਿੱਚ ਨਵੀਂ ਬਹਾਰ ਆ ਜਾਵੇਗੀ। ਐਸੀ ਫਿਲਾਸਫੀ ਨੂੰ ਪੜ੍ਹਕੇ ਮੈਂ ਧੰਨ ਹੋ ਗਿਆ ਹਾਂ।

ਸ਼੍ਰੀਮਾਨ ਗੁਰਦੇਵ ਰਾਜ ਜੀ :- ਨੌਂ ਸਾਲ ਤੋਂ ਸੇਵਕ ਬਣਿਆ ਹੋਇਆ ਹਾਂ। ਕਦੇ ਵੀ ਮਹਾਂ ਉਤਸਵ ਦੀ ਕੋਈ ਸਭਾ ਨਹੀਂ ਛੱਡੀ ਮਗਰ ਇਸ ਦਫਾ ਮਹਾਂਉਤਸਵ ਦੀਆਂ ਤਿੰਨ ਸਭਾਵਾਂ ਤੋਂ ਬੰਚਿਤ ਰਿਹਾ ਹਾਂ। ਮੇਰਾ ਦਿਲ ਤਾਂ ਇਧਰ ਹੀ ਸੀ ਬਹੁਤ ਵੱਡਾ ਘਾਟਾ ਤੇ ਦੁੱਖ ਮਹਿਸੂਸ ਕਰ ਰਿਹਾ ਹਾਂ। ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰੂੰਗਾ। ਇਹ ਜੋ ਵਜੂਦ ਖੜਾ ਹੈ ਮਾਤਾ ਪਿਤਾ ਨੂੰ ਦੁਖੀ ਕਰਨ ਵਾਲਾ, ਬੁਰਾ ਸਲੂਕ ਕਰਨ ਵਾਲਾ ਉਨ੍ਹਾਂ ਨੂੰ ਦੁਖੀ ਕਰਨ ਵਾਲਾ ਤੇ ਤੜਪਾਉਣ ਵਾਲਾ ਸੀ ਹੁਣ ਉਨ੍ਹਾਂ ਦੇ ਚਰਨਾਂ ਵਿਚ ਸਿਰ ਰੱਖ ਕੇ ਪ੍ਰਣਾਮ ਕਰਦਾ ਹਾਂ। ਪ੍ਰਣਾਮ ਕਰਨ ਨਾਲ ਜੋ ਅਸ਼ੀਰਵਾਦ ਮਿਲਦੀ ਹੈ ਉਸਦਾ ਬਿਆਨ ਨਹੀਂ ਹੋ ਸਕਦਾ। ਗੁਰੂ ਜੀ ਦੀ ਅਪਾਰ ਕ੍ਰਿਪਾ ਮਹਿਸੂਸ ਕਰਦਾ ਹਾਂ। ਮੇਰਾ ਬੱਚਾ ਮੇਰੇ ਚਰਨਾਂ ਵਿੱਚ ਸਿਰ ਰੱਖਕੇ ਪ੍ਰਣਾਮ ਕਰਦਾ ਹੈ ਕੀ ਇਹ ਕਰਿਸ਼ਮਾ ਨਹੀਂ ਹੈ? ਇਸ ਪ੍ਰਬੰਧ ਅਤੇ ਸੇਵਾਕਾਰੀ ਜਨਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ।

ਸ਼੍ਰੀਮਾਨ ਸੁੰਦਰ ਲਾਲ ਜੀ :- ਬਹੁਤ ਸਨਮਾਨ ਦੇ ਯੋਗ ਧਰਮ ਸੰਬੰਧੀਉ, ਜੋ ਗੁਰਦੇਵ ਰਾਜ ਜੀ ਨੇ ਕਿਹਾ ਹੈ ਕਿ ਮੈਂ ਆਪਣੇ ਮਾਤਾ ਪਿਤਾ ਦਾ ਅਪਮਾਨ ਕਰਦਾ ਰਿਹਾ ਹਾਂ ਇਨ੍ਹਾਂ ਨੇ ਸਿਰਫ ਅਪਮਾਨ ਹੀ ਕੀਤਾ ਹੈ ਮਗਰ ਮੈਂ ਤਾਂ ਮਾਂ ਦਾ ਕਾਤਿਲ ਹਾਂ। (ਜੋਰ ਜੋਰ ਨਾਲ ਰੋਣ ਦੇ ਲਈ ਮਜਬੂਰ ਹੋ ਗਏ) ਮੈਂ ਆਪਣੀ ਮਾਤਾ ਨੂੰ ਮਾਰਨ ਵਾਲਾ ਹਾਂ। ਮਿੱਥਿਆ ਦਾ ਸਹਾਰਾ ਲੈਕੇ ਇਸ ਤਰ੍ਹਾਂ ਤਾ ਦੁਸ਼ਟ ਬਣ ਗਿਆ ਅਤੇ ਘਰ ਵਿੱਚ ਨਰਕ ਪੈਦਾ ਕੀਤਾ। ਮਾਂ ਨੇ ਹੱਥ ਜੋੜੇ ਕਿ ਬੇਟਾ ਕੀ ਕਰਦਾ ਹੈਂ ਮੈਂ ਇੱਕ ਨਾ ਸੁਣੀ। ਉਨ੍ਹਾਂ ਨੂੰ ਜੋਰ ਦਾ ਸਦਮਾ ਲੱਗਿਆ। ਮਾਂ ਦੇ ਮਰਨ ਦੇ ਬਾਅਦ ਭਾਈ ਨੇ ਰੋਕਿਆ ਅਤੇ ਮੈਂ ਇੱਕ ਨਾ ਸੁਣੀ ਧਨ ਦੇ ਬੰਧਨ ਨਾਲ ਜਕੜਿਆਂ ਰਿਹਾ।

ਮੇਰੇ ਭਾਣਜੇ ਬਿਗੜ ਗਏ। ਮਾਤਾ ਪਿਤਾ ਨੂੰ ਸਤਾਉਣ ਲੱਗੇ। ਮੈਂ ਸਮਝਾਇਆ ਮਗਰ ਉਹ ਨਾ ਸਮਝੇ। ਮਗਰ ਉਹ ਇਕ ਸਭਾ ਵਿੱਚ ਉਠੱਕੇ ਮੇਰੇ ਪੈਰਾਂ ਵਿੱਚ ਗਿਰ ਗਏ। ਉਹ ਬਦਲ ਗਏ ਅਤੇ ਮੈਂ ਹਿੱਲ ਗਿਆ। ਇਸ ਦਰ ਤੇ ਆਕੇ ਦਿਲ ਵਿੱਚ ਆਇਆ ਕਿ ਭਾਈ ਅਤੇ ਭਾਬੀ ਦੇ ਚਰਨਾਂ ਵਿੱਚ ਸਿਰ ਰੱਖ ਕੇ ਪ੍ਰਣਾਮ ਕਰੂੰਗਾ। (ਇਸ ਦੇ ਬਾਅਦ ਸਵਰਗ ਵਰਗਾ ਦ੍ਰਿਸ਼ ਪੈਦਾ ਹੋ ਗਿਆ। ਉਨ੍ਹਾਂ ਨੇ ਇੱਕ ਸੁੰਦਰ ਹਾਰ ਲੈ ਕੇ ਆਪਣੇ ਵੱਡੇ ਭਾਈ ਸਾਹਿਬ ਦੇ ਕੋਲ ਜਾਂਕੇ ਪਹਿਨਾਇਆ ਅਤੇ ਉਨ੍ਹਾਂ ਦੇ ਚਰਨਾਂ ਵਿੱਚ ਪ੍ਰਣਾਮ ਕਰਣ ਦੇ ਲਈ ਢੇਰ ਹੋ ਗਏ। ਇਸਤਰ੍ਹਾਂ ਵਿਚਕਾਰਲੇ ਭਾਈ ਨੇ ਉਸੀ ਤਰ੍ਹਾਂ ਚਰਨਾਂ ਵਿੱਚ ਗਿਰਕੇ ਪ੍ਰਣਾਮ ਕੀਤਾ, ਅਜੀਬ ਸਵਰਗੀ ਦ੍ਰਿਸ਼ ਸੀ। ਬਹੁਤ ਸਾਰੇ ਹਾਜ਼ਰ ਜਨਾਂ ਦੀਆਂ ਅੱਖਾਂ ਵਿੱਚ ਅੱਥਰੂ ਆਉਣ ਲੱਗੇ।) ਜਦੋਂ ਤੋਂ ਗੁਰੂ ਦਰਬਾਰ ਵਿੱਚ ਆਉਣ ਲੱਗੇ ਹਾਂ ਅਸੀਂ ਭਾਈ ਅਤੇ ਭਾਬੀ ਨੂੰ ਪ੍ਰਣਾਮ ਕਰਦੇ ਹਾਂ। 45-50 ਸਾਲਾਂ ਦੇ ਤੇ ਪਰਿਵਾਰ ਰੱਖਣ ਵਾਲੇ ਭਾਈਆਂ ਦਾ ਇਸ ਤਰ੍ਹਾਂ ਪ੍ਰਣਾਮ ਕਰਨਾ ਗੁਰੂ ਮਹਾਰਾਜ ਦੇ ਦੇਵ ਪ੍ਰਭਾਵਾਂ ਦੀ ਉਜੱਲ ਕਰਾਮਾਤ ਦਿਖਾ ਰਿਹਾ ਸੀ। ਅਸੀਂ ਇੱਕ ਸ਼ਾਦੀ ਵਿੱਚ ਗਏ ਉਥੇ ਘਰ ਵਿੱਚ ਅਣਬਣ ਸੀ। ਸਭ ਰਿਸ਼ਤੇਦਾਰ ਆਪਣੇ ਆਪ ਨੂੰ ਅਤੇ ਆਪਣੇ ਲੜਕਿਆਂ ਨੂੰ ਠੀਕ ਸਮਝਦੇ ਸੀ। ਜਦੋਂ ਮੇਰੇ ਭਾਈ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਭਾਈ ਮੈਨੂੰ ਰੋਜ ਸਵੇਰੇ ਉੱਠ ਕੇ ਚਰਨਾਂ ਵਿੱਚ ਪ੍ਰਣਾਮ ਕਰਦੇ ਹਨ, ਇਸ ਗੱਲ ਤੋਂ ਉਬਲਿਆ ਹੋਇਆ ਮਾਹੌਲ ਸ਼ਾਂਤ ਹੋ ਗਿਆ ਅਤੇ ਸੈਂਕੜੇ ਜਨਾਂ ਦੇ ਦਿਲ ਤੇ ਅਜੀਬ ਅਸਰ ਹੋਇਆ। ਇਹ ਸਭ ਗੁਰੂ ਮਹਾਰਾਜ ਦੇ ਪ੍ਰਭਾਵਾਂ ਦੀ ਲੀਲਾ ਹੈ।

ਪ੍ਰੇਮ ਚੰਦ ਜੀ ਬਾਨੀ :- ਜਦੋਂ ਮੈਂ ਪੈਦਾ ਹੋਇਆ ਬੇਹੱਦ ਖੁਸ਼ੀ ਮਨਾਈ ਗਈ। ਵੱਡਾ ਹੋ ਕੇ ਮਾਂ ਬਾਪ ਨਾਲ ਬੁਰੀ ਤਰ੍ਹਾਂ ਲੜ੍ਹ ਕੇ ਸਾਰਾ ਸਾਮਾਨ ਉਠਾਕੇ ਘਰੋਂ ਪਤਨੀ ਸਮੇਤ ਨਿਕਲ ਗਿਆ ਜਦੋਂ ਮੈਨੂੰ ਕੋਈ ਸੁਧਰਣ ਦੀ ਗੱਲ ਕਹਿੰਦਾ ਤਾਂ ਮੈਂ ਗੋਲੀ ਮਾਰਨ ਲਈ ਕਹਿੰਦਾ ਮਗਰ ਮਾਂ ਬਾਪ ਦਾ ਸਨਮਾਨ ਕਰਨਾ ਬੇਹੱਦ ਮੁਸ਼ਕਿਲ ਕੰਮ ਨਜ਼ਰ ਆਉਂਦਾ ਸੀ। ਅਗਲੇ ਸਾਲ ਆਪਣੀ ਧਰਮ ਪਤਨੀ ਨੂੰ ਸੇਵਕ ਬਣਵਾਉਂਗਾ ਮੈਂ ਮੁਰਦਾ ਸੇਵਕ ਨਹੀਂ ਬਣਨਾ ਚਾਹੁੰਦਾ ਹਾਂ।

Regd. Postal No.Pb (0049s) 2003
Regd. with Registrar News Paper No. 72258/88

ਸ਼੍ਰੀ ਮੋਹਨ ਜੀ :- ਭਗਵਾਨ ਨੇ ਅਜਿਹੀ ਰੋਸ਼ਨੀ ਦਿੱਤੀ ਹੈ ਕਿ ਜੋ ਕਿਤੇ ਨਹੀਂ ਮਿਲਦੀ। ਭਗਵਾਨ ਨੇ ਨੀਚ ਅਨੁਰਾਗਾਂ ਨੂੰ ਦਿਖਾਇਆ ਹੈ। ਸ਼ਰਾਬ, ਮਾਂਸ, ਸਿਗਰੇਟ, ਬੀੜੀ ਤੋਂ ਬਚਾਇਆ ਹੈ। ਭਗਵਾਨ ਦੀ ਰੋਸ਼ਨੀ ਤੀਰ ਦੀ ਤਰ੍ਹਾਂ ਲਗਦੀ ਹੈ। ਅਧਿਕਾਰੀ ਆਤਮਾ ਉਸੀ ਵਕਤ ਜਖ਼ਮੀ ਹੋ ਜਾਂਦਾ ਹੈ, ਅਤੇ ਤਬਦੀਲ ਹੋ ਜਾਂਦਾ ਹੈ। ਭਗਵਾਨ ਦੀ ਜੋਤੀ ਵਿੱਚ ਮਹਿਸੂਸ ਹੋਇਆ ਹੈ ਕਿ ਅੱਗੇ ਤੋਂ ਕੋਈ ਸਭਾ Miss ਨਹੀਂ ਕਰੂੰਗਾ। ਆਪਣਾ ਜੀਵਨ ਬਣਾਉਣਾ ਚਾਹੁਦਾ ਹਾਂ। ਆਤਮਾ ਦਾ ਭਲਾ ਕਰਨਾ ਚਾਹੁੰਦਾ ਹਾਂ। ਦੂਸਰਿਆਂ ਦੀ ਸੇਵਾ ਕਰਨਾ ਚਾਹੁੰਦਾ ਹਾਂ। ਮੈਂ ਬਹੁਤ ਸਾਰੇ ਲੋਕਾਂ ਨੂੰ ਨਸ਼ੇ ਲਗਾਏ ਸੀ। ਹੁਣ ਉਨ੍ਹਾਂ ਤੇ ਆਪਣਾ ਖਰਚ ਕਰਕੇ ਨਸ਼ੇ ਛੁਡਵਾਉਂਦਾ ਹਾਂ। ਇਸ ਤਰ੍ਹਾਂ ਪ੍ਰਤੀਸ਼ੋਧ ਕਰਣ ਦੀ ਪ੍ਰਤਿਗਿਆ ਕਰਦਾ ਹਾਂ।

ਗੋਪਾਲ ਕ੍ਰਿਸ਼ਨ ਜੀ :- ਅਸੀ ਨੀਚ ਅਤੇ ਅਦਨਾ ਆਤਮਾ ਹਾਂ ਮੈਂ ਪਿਛੜੇ ਵਰਗ ਵਿੱਚ ਰਹਿਕੇ ਵੀ ਨਸ਼ਿਆਂ ਤੋਂ ਬਚਿਆਂ ਹੋਇਆ ਹਾਂ। ਮੇਰੇ ਅੰਦਰ ਬਹੁਤ ਨੀਚ ਘ੍ਰਿਣਾ ਅਤੇ ਨੀਚ ਅਨੁਰਾਗ ਅਤੇ ਹੰਕਾਰ ਭਰੇ ਹੋਏ ਹਨ। ਉੱਚ ਜੀਵਨ ਦਾ ਨਾਮ ਹੀ ਧਰਮ ਹੈ। ਇਹ ਸਾਡਾ ਪਰਮ ਲਕਸ਼ ਹੈ। ਅਸੀਂ ਡਾਕਟਰ ਸਾਹਿਬ ਨੂੰ ਬੁਰਾ ਦੇਖਦੇ ਸੀ ਕਿ ਉਨ੍ਹਾਂ ਨੇ ਬਾਰ੍ਹਾਂ ਧਰਮ ਬਦਲੇ ਹਨ ਅਤੇ ਹੁਣ ਹੋਰ ਧਰਮ ਵਿੱਚ ਪੈ ਗਏ ਹਨ। ਇਨ੍ਹਾਂ ਨੇ ਹੀ ਸਾਡਾ ਸਭ ਦਾ ਭਲਾ ਕੀਤਾ ਹੈ।

ਸ਼੍ਰੀਮਾਨ ਅਜੀਤ ਸਿੰਘ ਜੀ :- ਸ਼੍ਰੀਮਾਨ ਜੀ ਨੇ ਜਿਨ੍ਹਾਂ ਸੰਗਰਾਮ ਕੀਤਾ ਉਸਦੀ ਤਸਵੀਰ ਨਜ਼ਰ ਨਹੀਂ ਆਉਂਦੀ ਸੀ। ਬਰਸਾਤ ਦੇ ਦਿਨਾਂ ਵਿੱਚ ਸਾਡੇ ਪਿੰਡ ਵਿੱਚ ਇੱਕ ਦਲਦਲ ਵਿੱਚ ਟਰੈਕਟਰ ਫਸ ਗਿਆ। ਛੇ ਹੋਰ ਟਰੈਕਟਰ ਉਸਨੂੰ ਕੱਢਣ ਵਿੱਚ ਲੱਗ ਗਏ ਉਹ ਫਿਰ ਨਿਕਲੇ ਜਦੋਂ ਜਮੀਨ ਸੁੱਕ ਗਈ। ਇਸ ਤਰ੍ਹਾਂ ਅਸੀਂ ਮਿੱਥਿਆਂ ਅਤੇ ਪਾਪਾ ਵਿੱਚ ਫਸੇ ਹੋਏ ਹਾਂ। ਇਸ ਤਰ੍ਹਾਂ ਦਿਲ ਵਿੱਚ ਆਉਂਦਾ ਹੈ ਕਿ ਜਿੰਨੀ ਦੇਰ ਅਸੀਂ ਜਿੰਦਾ ਰਹੀਏ, ਮਹਾਂਉਸਤਵ ਤੇ ਇੱਕਠੇ ਆ ਸਕੀਏ ਕਾਸ਼! ਇਹ ਕਾਮਨਾ ਪੂਰੀ ਹੁੰਦੀ ਰਹੇ। ਗੁਰੂ ਮਹਾਰਾਜ ਦੇ ਦਰ ਤੇ ਨਾਲ ਸਦਾ ਸਦਾ ਲਈ ਜੁੜੇ ਰਹਿ ਸਕੀਏ। ਖੇੜਾ ਸਾਹਿਬ ਜੀ ਸਾਡਾ ਪੂਰਾ ਖਿਆਲ ਰੱਖ ਰੱਖ ਕੇ ਸਮਝਾਉਂਦੇ ਰਹੇ। ਉਨ੍ਹਾਂ ਦੀ ਬਹੁਤ ਕ੍ਰਿਪਾ ਮਹਿਸੂਸ ਹੋ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਮੇਰੇ ਦਿਲ ਵਿੱਚ ਇੱਕ ਬਹੁਤ ਤਕਲੀਫ ਹੈ ਕਿ ਮੇਰੇ ਭਾਈ-ਦੇ ਘਰ ਵਿੱਚ ਦੁੱਧ ਦੀ ਕਮੀ ਹੈ ਮੈਂ ਆਪਣੇ ਘਰ ਤੋਂ ਇਕ ਹੋਰ ਗਾਂ ਭਾਈ ਦੇ ਘਰ ਭੇਜ ਦਿੱਤੀ ਪਰੰਤੂ ਉਨ੍ਹਾਂ ਨੇ ਥੋੜੇ ਦਿਨਾਂ ਬਾਅਦ ਫਿਰ ਵਾਪਸ ਕਰ ਦਿੱਤੀ।

ਇੱਕ ਹੋਰ ਸਵਰਗੀ ਦ੍ਰਿਸ਼ :- ਵੱਡੇ ਭਰਾ ਵਿਆਕੁਲ ਹੋਕੇ ਛੋਟੇ ਭਾਈ ਲਈ ਗਉ ਭੇਜਦੇ ਹਨ। ਦੂਸਰੇ ਭਾਈ ਗਉ ਨਾ ਲੈਣ ਲਈ ਮਿੰਨਤਾ ਕਰਦੇ ਹਨ। ਵੱਡੇ ਭਾਈ ਨੇ ਆਪਣੀ ਗਾਂ ਨਾ ਲੈਣ ਦੀ ਤਕਲੀਫ ਦਾ ਸਭਾ ਵਿੱਚ ਖੜੇ ਹੋ ਕੇ ਜਿਕਰ ਕਰ ਦਿੱਤਾ ਅਤੇ ਸਭਾਪਤੀ ਨੂੰ ਵੀ ਆਪਣੀ ਆਰਜ਼ੂ ਪੂਰੀ ਕਰਨ ਲਈ ਸਿਫਾਰਿਸ਼ ਕਰਨ ਨੂੰ ਕਿਹਾ। ਛੋਟਾ ਭਾਈ ਵੀ ਖੜਾ ਹੋ ਗਿਆ ਵੱਡਾ ਭਾਈ ਗਾਂ ਦੇਣ ਲਈ ਵਾਰ ਵਾਰ ਦਲੀਲਾਂ ਦੇਣ ਲੱਗਾ। ਛੋਟਾ ਭਾਈ ਨਾ ਲੈਣ ਲਈ ਮਿੰਨਤਾਂ ਕਰਨ ਲੱਗਾ ਆਖ਼ਿਰ ਸਭਾਪਤੀ ਜੀ ਨੇ ਦੋਨਾਂ ਨੂੰ ਪ੍ਰਣਾਮ ਕੀਤਾ ਅਤੇ ਕਿਹਾ ਕਿ ਅਸੀਂ ਲੋਕਾਂ ਨੇ ਮਿਲਕੇ ਤੁਹਾਨੂੰ ਮਹਾਂ ਉਸਤਵਾਂ

ਬਾਕੀ ਭਾਗ ਪੰਨਾ 2 ਤੇ

Printer, Publisher & Owned By Shriman Baldev Singh, ਮੰਤਰੀ-ਦੇਵ-ਧਰਮ-ਮਿਸ਼ਨ ਨੇ
***Surya Laser Den,* H.N. 3463, Sec. 37-D, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।**

Book Post